# RESEARCHER

## A Multidisciplinary Journal

Vol. XVI No. 2, 2020
ISSN 2278-9022


### SCIENCE AND TECHNOLOGY

*Swapnesh Shankar Rangnekar & Manisha Nitin Kulkarni* — Avian diversity of Ismail Yusuf College - A growing need of conservation

*Parmil Kumar, Shamshad Ur Rasool & Ankita Sharma* — Comparison of β–entropy, (α–β) entropy and Shannon entropy using Gamma Distribution

*Assadullah Sheikh, Anil Pawar & Shikha Bharti* — Coherent study on cognizance about malaria among college/university students of Jammu District

### SOCIAL SCIENCES

*Raj K. Mahajan* — Swami Dayanand Saraswati: His vision for a casteless society

*Arvind Kumar* — Gandhi's Anathema of Western Democracy: An Alternative Partyless Democratic Paradigm

*Jai Bhawani Singh* — Gandhi and the Caste Question: A Comparison with Ambedkar and Indian Left

### BUSINESS STUDIES

*Vivek Sharma & Ajay Kumar Chalotra* — Empirical Assessment of Job Stress, Job Satisfaction and Turnover Intention among Call Centre Employees- A Study of NCR Region

### ARTS AND HUMANITIES

*ਡਾ. ਪ੍ਰੀਤਮ ਸਿੰਘ* — ਸਮਾਜਿਕ-ਸਭਿਆਚਾਰਕ ਸੰਕਟਾਂ ਦਾ ਬਿਰਤਾਂਤ:'ਚਸ਼ਮਿ ਬੁਲਬੁਲ'


The Journal of University of Jammu

# Editorial Board

## Patron

**Prof. Manoj Kumar Dhar**
**Vice-Chancellor, University of Jammu, Jammu, J&K, India**

## Editor

| | |
|---|---|
| Anupama Vohra | English DDE, University of Jammu |

## Editorial Board

| | |
|---|---|
| Bijender Kumar Bajaj | School of Biotechnology, University of Jammu |
| Garima Gupta | Department of English, University of Jammu |
| Jaspal Singh Warwal | Directorate of Distance Education, University of Jammu |
| Komal Nagar | The Business School, University of Jammu |
| Raj Kumar Sandhu | Department of Law, University of Jammu |

## Advisory Board

**Arts and Humanities**

| | |
|---|---|
| Amritjit Singh | Department of English, Ohio University Langston Hughes, USA |
| G.D. Sumanapala | Institute of Pali & Buddhist Studies, University of Kelaniya, Sri Lanka |
| Kuldeep Agnihotri | Vice-Chancellor, Central University of Himachal Pradesh, HP |
| Sadashiv K. Dwivedi | Department of Sanskrit, Faculty of Arts, BHU, Varanasi |
| Sunil Kumar | School of Performing and Visual Arts, IGNOU, New Delhi |

**Business Studies**

| | |
|---|---|
| Gurmeet Singh | School of Management, University of the South Pacific, Fiji |
| Mohinder Chand | Department of Tourism & Hotel Management, Kurukshetra University |
| S.P. Bansal | Vice-Chancellor, Indira Gandhi University, Meerpur, Haryana |
| Nimit Choudhary | Department of THHHS, Jamia Millia Islamia, New Delhi |
| Vertica Bhardwaj | School of Family & Consumer Sciences, Texas State University, USA |

**Science and Technology**

| | |
|---|---|
| John Bothwell | School of Biological & Biomedical Sciences, Durham University, UK |
| Ramesh C. Sharma | Department of Environmental Sciences, HNB Gharwal University |
| S.K. Matoo | Department of Computer Science, University of Delhi |
| Vijender K. Yadav | Department of Chemistry, Indian Institute of Technology, Kanpur |
| Vinay Gupta | Sr. Scientist, National Physical Laboratory, New Delhi |

**Social Sciences**

| | |
|---|---|
| Dhian Kaur | Department of Geography, Panjab University, Chandigarh |
| Pritam Singh | Department of Economics, Oxford Brooks University, UK |
| R.C. Thakran | Department of History, University of Delhi |
| Rekha Saxena | Department of Political Science, University of Delhi |
| S.P. Singh | Department of Humanities and Social Sciences, IIT, Roorkee |
| Yubaraj Sangroula | Kathmandu School of Law & Former Attorney General (Nepal) |

# ਸਮਾਜਿਕ-ਸਭਿਆਚਾਰਕ ਸੰਕਟਾਂ ਦਾ ਬਿਰਤਾਂਤ:'ਚਸ਼ਮਿ ਬੁਲਬੁਲ'

ਡਾ. ਪ੍ਰੀਤਮ ਸਿੰਘ


## ਸਾਰ

ਨਾਵਲ ਪੰਜਾਬੀ ਸਾਹਿਤ ਦਾ ਇਕ ਅਹਿਮ ਰੂਪ ਹੈ ਅਤੇ ਸੁਰਿੰਦਰ ਨੀਰ ਜੰਮੂ ਕਸ਼ਮੀਰ ਦੇ ਪੰਜਾਬੀ ਨਾਵਲ ਸਾਹਿਤ ਦੀ ਬਹੁ-ਚਰਚਿੱਤ ਹਸਤਾਖ਼ਰ। ਨੀਰ ਨੇ ਆਪਣਾ ਸਾਹਿਤਕ ਸਫ਼ਰ ਕਹਾਣੀ ਲਿਖਣ ਨਾਲ ਸ਼ੁਰੂ ਕੀਤਾ ਅਤੇ ਸਨ 2002 ਵਿਚ ਉਸਦਾ ਪਲੇਠਾ ਕਹਾਣੀ ਸੰਗ੍ਰਹਿ 'ਦਸਤਕ ਦੀ ਉਡੀਕ' ਪ੍ਰਕਾਸ਼ਤ ਹੋਇਆ, ਜਿਸ ਦੇ ਸੱਤ ਸਾਲ ਬਾਅਦ 2009 ਵਿਚ ਉਸਦਾ ਦੂਸਰਾ ਕਹਾਣੀ ਸੰਗ੍ਰਹਿ 'ਖੁਲ ਜਾ ਸਿਮ ਸਿਮ' ਛਪਿਆ। ਪਰ ਨੀਰ ਦੇ ਸਿਰਜਣਾਤਮਕ ਸਫ਼ਰ ਦੇ ਅਹਿਮ ਪੜਾਉ ਦਾ ਗਵਾਹ ਸਾਲ 2010 ਬਣਿਆ ਜਦੋਂ ਉਸ ਨੇ ਆਪਣਾ ਪਲੇਠਾ ਨਾਵਲ 'ਸ਼ਿਕਾਰਗਾਹ' ਲਿਖਿਆ ਜਿਸਨੇ ਨਾ ਕੇਵਲ ਜੰਮੂ-ਕਸ਼ਮੀਰ ਬਲਕਿ ਦੇਸ਼-ਵਿਦੇਸ਼ ਦੇ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਆਕ੍ਰਸ਼ਿਤ ਕੀਤਾ। ਸ਼ਿਕਾਰਗਾਹ ਤੋਂ ਬਾਅਦ 2013 ਵਿਚ ਉਸਨੇ ਵੱਡ ਆਕਾਰੀ ਨਾਵਲ 'ਮਾਇਆ' ਲਿਖਿਆ ਅਤੇ ਲਗਭਗ ਛੇ ਸਾਲਾਂ ਦੇ ਅੰਤਰਾਲ ਬਾਅਦ ਹੱਥਲੇ ਨਾਵਲ ਚਸ਼ਮਿ ਬੁਲਬੁਲ ਰਾਹੀਂ ਮੁੜ ਪਾਠਕਾਂ ਦੀ ਕਚਿਹਰੀ ਵਿਚ ਹਾਜ਼ਿਰ ਹੈ। ਨਾਵਲ ਚਸ਼ਮਿ ਬੁਲਬੁਲ ਦੀ ਪ੍ਰਮੁੱਖ ਸੁਰ ਤਣਾਉ ਅਤੇ ਵਿਸ਼ਾਦਗ੍ਰਸਤ ਕਸ਼ਮੀਰੀ ਸਮਾਜ ਹੈ ਜੋ 'ਪੂੰਜੀਵਾਦੀ ਰਿਸ਼ਤਿਆਂ ਦੀ ਚੜ੍ਹਤ ਕਰਕੇ ਸਮੂਹਕ ਸੰਸਕ੍ਰਿਤੀ ਦੇ ਵਿਗਠਨ' ਅਤੇ ਵਿਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਸ਼ੁਰੂ ਹੋਈ ਹਥਿਆਰਬੰਦ ਲਹਿਰ ਦੌਰਾਨ ਕਸ਼ਮੀਰ ਦੇ ਹੋਏ ਉਜਾੜੇ ਦੇ ਤਣਾਉ ਦਾ ਸੰਤਾਪ ਹੰਡਾ ਰਿਹਾ ਹੈ।


**ਕੁੰਜੀ ਸ਼ਬਦ:** ਸਮਾਜਿਕ, ਪਦਾਰਥਕ, ਸੰਸਥਾਗਤ, ਚੇਤਨਾਗਤ, ਆਚਲਿਕ

ਜੀਵਨ ਮਨੁੱਖਾਂ ਦੇ ਜੀਉਣ ਦੀ ਪ੍ਰਕਿਰਿਆ ਦਾ ਨਾਮ ਹੈ ਅਤੇ ਪਰਿਵਰਤਨ ਜੀਵਨ ਦਾ ਇਕ ਅਟਲ ਨਿਯਮ ਤੇ ਸਚਾਈ ਹੈ। ਮਨੁੱਖ ਦਾ ਸਮਾਜਿਕ ਜੀਵਨ ਨਿਰੰਤਰ ਬਦਲਦਾ ਤੇ ਵਿਕਸਿਤ ਹੁੰਦਾ ਰਹਿੰਦਾ ਹੈ। ਇਸ ਵਿਕਾਸ ਪ੍ਰਕ੍ਰਿਆ ਕਰਕੇ ਹੀ ਮਨੁੱਖ ਦਾ ਸਮਾਜਿਕ ਜੀਵਨ ਸੀਮਿਤ ਅਤੇ ਸਰਲ ਹੋਣ ਦੀ ਥਾਂ ਵਿਸ਼ਾਲ, ਪੇਚਿਦਾ ਅਤੇ ਇਕੋ ਵੇਲੇ ਵਿਭਿੰਨ ਪ੍ਰਕਾਰ ਦੇ ਵਿਰੋਧਾਂ, ਅੰਤਰ-ਵਿਰੋਧਾਂ ਵਿਚ ਵੰਡਿਆ ਹੋਇਆ ਹੈ। ਸਮਾਜਕ ਜੀਵਨ ਵਿਚਲੀ ਇਹ ਵਿਸ਼ਾਲਤਾ, ਪੇਚਿਦਗੀ, ਵਿਰੋਧ ਅਤੇ ਅੰਤਰ-ਵਿਰੋਧ ਜਿਥੇ ਮਾਨਵੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਉਥੇ ਮਨੁੱਖ ਲਈ ਕਈ ਤਣਾਉਪੂਰਣ ਸਥਿਤੀਆਂ ਵੀ ਪੈਦਾ ਕਰਦੇ ਹਨ। ਅਜਿਹੀਆਂ ਤਣਾਓਸ਼ੀਲ ਸਥਿਤੀਆਂ ਦੇ ਸ਼ਿਕਾਰ ਮਨੁੱਖ ਜਾ ਮਨੁੱਖੀ ਸਮਾਜ ਨੂੰ ਬਹੁਤ ਸਾਰੇ ਸਾਹਿਤਕਾਰਾਂ ਨੇ ਵੱਖ ਵੱਖ ਦੌਰਾਂ 'ਚ ਆਪਣੀ ਸਿਰਜਣਾਤਮਕ ਯੋਗਤਾ ਅਤੇ ਅਨੁਭਵ ਰਾਹੀਂ ਕਲਾਤਮਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਮਕਾਲੀ ਸਮੇਂ ਵਿਚ ਨਾਵਲ ਇਕ ਅਜਿਹੀ ਹੀ ਵਿਸ਼ਾਲ ਕੈਨਵਸ ਵਾਲੀ ਸਾਹਿਤਕ ਵਿਧਾ ਹੈ ਜੋ ਸਮਾਜਿਕ ਜੀਵਨ ਦੇ ਸੰਦਰਭ ਵਿਚ ਮਨੁੱਖ ਦੀ ਪਦਾਰਥਕ, ਸੰਸਥਾਗਤ ਤੇ ਚੇਤਨਾਗਤ ਸੰਸਕ੍ਰਿਤੀ ਦੇ ਵਿਭਿੰਨ ਰੂਪਾਂ ਤੇ ਸੰਭਾਵਨਾਵਾਂ ਨੂੰ ਸੱਮਗ੍ਰ ਰੂਪ ਵਿਚ ਪੇਸ਼ ਕਰ ਸਕਣ ਦੇ ਸਮਰੱਥ ਹੈ। ਕਿਉਂਕਿ ਨਾਵਲ ਆਧੁਨਿਕ ਸਾਹਿਤ ਰੂਪ ਹੈ ਇਸ ਲਈ ਇਹ ਸਮਝਣਾ ਵੀ ਅਤਿ ਜ਼ਰੂਰੀ ਹੈ ਕਿ ਆਧੁਨਿਕ ਸਾਹਿਤ ਦਾ ਕੇਂਦਰ, ਆਧੁਨਿਕ ਸਮਾਜਕ ਵਿਵਸਥਾ ਵਿਚ ਵਿਚਰਦਾ ਇਕ ਸਾਧਾਰਣ ਮਨੁੱਖ ਹੈ ਜਿਸ ਕਰਕੇ ਸਾਧਾਰਨ ਮਨੁੱਖ ਵਲੋਂ ਇਕੋ ਵੇਲੇ ਹੰਡਾਈਆਂ ਜਾ ਰਹੀਆਂ ਤਣਾਉਗ੍ਰਸਤ ਸਥਿਤੀਆਂ ਨੂੰ ਆਧੁਨਿਕ ਸਾਹਿਤ ਰੂਪ ਨਾਵਲ ਯਥਾਰਥ ਦੀ ਪੱਧਰ 'ਤੇ ਆਪਣਾ ਵਸਤੂ ਬਣਾਉਂਦਾ ਹੈ। ਇਸੇ ਲਈ ਡਾ. ਟੀ.ਆਰ. ਬਿਨੋਦ ਨਾਵਲ ਨੂੰ ਸਾਹਿਤ ਦੀ ਯਥਾਰਥ ਧਰਮੀ ਵਿਧਾ ਮੰਨਦਾ ਹੈ। ਬਿਨੋਦ ਦਾ ਇਹ ਕਥਨ ਪੰਜਾਬੀ ਨਾਵਲ ਉਪਰ ਵੀ ਲਾਗੂ ਹੁੰਦਾ ਹੈ। ਇਸ ਪ੍ਰਸੰਗ ਵਿਚ ਨਾ ਕੇਵਲ ਪੰਜਾਬ ਵਿਚਲੇ ਪੰਜਾਬੀ ਨਾਵਲਕਾਰਾਂ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਹੈ ਬਲਕਿ ਪੰਜਾਬ ਦੇ ਨਾਲ ਲਗਦੇ ਦੂਸਰੇ ਰਾਜਾਂ ਦੇ ਨਾਵਲਕਾਰਾਂ ਨੇ ਵੀ ਆਪਣਾ ਨਿਘਰ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚੋਂ ਹੀ ਰਿਆਸਤ ਜੰਮੂ-ਕਸ਼ਮੀਰ ਦੀ ਵਸਨੀਕ ਸੁਰਿੰਦਰ ਨੀਰ ਇਕ ਚਰਚਿਤ ਨਾਂ ਹੈ।

ਸੁਰਿੰਦਰ ਨੀਰ ਨੇ ਆਪਣਾ ਸਾਹਿਤਕ ਸਫ਼ਰ ਕਹਾਣੀ ਲਿਖਣ ਨਾਲ ਆਰੰਭ ਕੀਤਾ, ਪਰ 2010 ਵਿਚ ਆਪਣੇ ਲਿਖੇ ਨਾਵਲ ਸ਼ਿਕਾਰਗਾਹ ਕਰਕੇ ਉਹ ਨਾਂ ਕੇਵਲ ਰਿਆਸਤੀ ਬਲਕਿ ਮੁੱਖ ਧਾਰਾ ਦੀਆਂ ਪੰਜਾਬੀ ਸਾਹਿਤਕ ਸਫ਼ਾਂ ਵਿਚ ਵੀ ਇਕ ਪ੍ਰੌੜ ਅਤੇ ਪ੍ਰਤੀਵੱਧ ਨਾਵਲਕਾਰਾ ਦੇ ਤੌਰ 'ਤੇ ਉੱਭਰੀ। ਰਿਆਸਤੀ ਇਸਤਰੀ ਲੇਖਿਕਾਵਾਂ ਵਿਚ ਸੁਰਿੰਦਰ ਨੀਰ ਪਹਿਲਾ ਤੇ ਇਕਲੌਤਾ ਨਾਂ ਹੈ ਜਿਸ ਨੇ ਅੱਤਵਾਦ ਦਾ ਸੰਤਾਪ ਭੋਗਦੀ ਕਸ਼ਮੀਰੀ ਮਾਨਸਿਕਤਾ ਦੀ ਪੀੜ ਨੂੰ ਆਪਣੇ ਨਾਵਲੀ ਕਲੇਵਰ ਵਿਚ ਸਮੇਟਿਆ ਹੈ। 'ਸ਼ਿਕਾਰਗਾਹ' ਵਿਚ ਉਹ ਕਸ਼ਮੀਰ ਵਿਚਲੇ ਅਤਿਵਾਦ ਦੇ ਮਾਹੌਲ ਵਿਚ ਘੱਟ ਗਿਣਤੀਆਂ( ਸਿੱਖਾਂ/ਪੰਜਾਬੀਆਂ) ਦੀ ਤ੍ਰਾਸਦ ਮਾਨਸਿਕਤਾ ਅਤੇ ਉਨ੍ਹਾਂ ਦੀ ਸਮਾਜਿਕ-ਸਾਂਸਕ੍ਰਿਤਿਕ ਸਥਿਤੀ ਦੇ ਸੰਕਟ ਨੂੰ ਆਪਣੇ ਕਥਾਨਕ ਦਾ ਆਧਾਰ ਬਣਾਉਂਦੀ ਹੈ। ਇਸ ਨਾਵਲ ਦਾ ਮਹੱਤਵ ਇਸ ਕਰਕੇ ਵੀ ਹੈ ਕਿ ਇਹ ਨਾਵਲ ਸਾਡੇ ਵਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉਨ੍ਹਾਂ ਸੰਕਲਪਾਂ ਅਤੇ ਧਾਰਨਾਵਾਂ ਨੂੰ ਵੀ ਪੁਨਰ ਪ੍ਰਭਾਸ਼ਿਤ ਕਰਦਾ ਹੈ ਜਿਸ ਦਾ ਆਧਾਰ ਕੇਵਲ ਭੂਗੋਲ ਅਤੇ

* Assistant Professor, Department of Punjabi, University of Jammu, Jammu, india

ਸਾਂਸਕ੍ਰਿਤਿਕ ਹੱਦਾਂ ਮਾਤਰ ਹਨ। ਪ੍ਰਸਿੱਧ ਪੰਜਾਬੀ ਸਮੀਖਿਅਕ ਅਮਰਜੀਤ ਗਰੇਵਾਲ ਅਨੁਸਾਰ ਸੁਰਿੰਦਰ ਨੀਰ ਆਪਣੇ ਇਸ ਨਾਵਲ ਰਾਹੀਂ ਸਮਕਾਲੀ ਪੰਜਾਬ ਦੀਆਂ ਭੁਗੋਲਿਕ ਹੱਦਾਂ ਤੋਂ ਪਾਰ ਜਾ ਕੇ ਰਿਆਸਤ ਜੰਮੂ ਕਸ਼ਮੀਰ ਵਿਚਲੇ ਪੰਜਾਬ ਨੂੰ ਕਸ਼ਮੀਰੀ ਪੰਜਾਬ ਦੇ ਤੌਰ 'ਤੇ ਸਥਾਪਿਤ ਕਰਨ ਵੱਲ ਅਹੁਲਦੀ ਹੈ।ਇਹੀ ਕਾਰਨ ਹੈ ਕਿ ਇਹ ਨਾਵਲ ਪੰਜਾਬੀ ਨਾਵਲ ਵਿਚ ਵਿਸ਼ੇਸ਼ ਸਥਾਨ ਰਖਦਾ ਹੈ ਜਿਸ ਕਰਕੇ ਇਹ ਨਿਰੰਤਰ ਚਰਚਾ ਵਿਚ ਵੀ ਹੈ। ਨੀਰ ਨੇ ਆਪਣਾ ਦੂਸਰਾ ਨਾਵਲ 'ਮਾਇਆ' 2013 ਵਿਚ ਲਿਖਿਆ। ਇਸ ਵੱਡ ਅਕਾਰੀ ਨਾਵਲ ਦੀ ਚਰਚਾ ਤਾਂ ਹੋਈ ਪਰ ਇਹ ਸ਼ਿਕਾਰਗਾਹ ਜਿੰਨਾ ਮਕਬੂਲ ਨਾ ਹੋ ਸਕਿਆ।ਹੁਣ ਲੱਗਭੱਗ ਛੇ ਸਾਲਾਂ ਦੇ ਅੰਤਰਾਲ ਬਾਅਦ ਨੀਰ ਆਪਣੇ ਨਾਵਲ 'ਚਸ਼ਮਿ ਬੁਲਬੁਲ' ਨਾਲ ਇਕ ਵਾਰ ਫਿਰ ਪਾਠਕਾਂ ਅਤੇ ਆਲੋਚਕਾਂ ਦੀ ਕਚਹਿਰੀ ਵਿਚ ਹੈ। ਹਥਲਾ ਆਲੇਖ ਨੀਰ ਦੇ ਨਵੇਂ ਨਾਵਲ ਚਸ਼ਮਿ ਬੁਲਬੁਲ ਨੂੰ ਹੀ ਸਮ੍ਰਪਿੱਤ ਹੈ।

2

ਕਸ਼ਮੀਰ ਦੇ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ, ਆਂਚਲਿਕ, ਸਾਂਸਕ੍ਰਿਤਿਕ, ਲੋਕਧਾਰਾਈ ਵੇਰਵਿਆਂ, ਕਸ਼ਮੀਰ ਦੀ ਕਾਨੀਕਲਾ ਦੇ ਇਤਿਹਾਸਕ ਹਵਾਲਿਆਂ ਅਤੇ ਭਾਸ਼ਾਈ ਪ੍ਰਵੀਨਤਾ ਨਾਲ ਸੰਯੋਜਿਤ ਚਸ਼ਮਿ ਬੁਲਬੁਲ ਨਾਵਲ ਦੀ ਸਮੁਚੀ ਫਾਰਮੇਸ਼ਨ ਅਤੇ ਸੰਰਚਨਾ ਪਿੱਛੇ ਇਕ ਮਜਬੂਤ ਮੈਟਾਫਾਰਿਕ ਪੱਖ ਕਾਰਜਸ਼ੀਲ ਹੈ।ਇਸਦੀ ਇਕ ਸੰਗਠਿਤ ਕਥਾ ਵਿਚ ਅਨੇਕਾਂ ਹੋਰ ਸੂਖ਼ਮ ਪਰਤਾਂ ਹਨ ਜੋ ਇਸ ਨਾਵਲ ਦੀ ਕਥਾ ਵਿਚਲੇ ਵਸਤੂ ਦਾ ਵਿਸਤਾਰਨ ਕਰਦੇ ਹੋਏ ਪ੍ਰੋਖ ਰੂਪ ਵਿਚ ਇਸਦੇ ਗਲਪੀ ਕੈਨਵਸ ਨੂੰ ਕਾਨੀਗਾਮ ਦੀਆਂ ਭੁਗੋਲਿਕ ਹੱਦਾਂ ਦੇ ਪਾਰ ਲੈ ਜਾਂਦੀਆਂ ਹਨ।ਜਿਸ ਕਰਕੇ ਇਹ ਰਚਨਾ ਵਿਸ਼ੇਸ਼ ਆਂਚਲ ਨਾਲ ਸੰਬੰਧਿਤ ਹੋਣ ਦੇ ਬਾਅਦ ਵੀ ਜੈਨਰਲਾਇਜ਼ਡ ਹੋ ਜਾਂਦੀ ਹੈ ਅਤੇ ਇਹੀ ਇਸ ਨਾਵਲ ਦੀ ਪ੍ਰਾਪਤੀ ਹੋ ਨਿਬੜਦੀ ਹੈ।ਨਾਵਲ ਦੀ ਮੈਟਾਫਾਰਿਕ ਫ਼ਾਰਮੇਸ਼ਨ ਨੂੰ ਡਿਕੋਡ ਕਰਨ 'ਤੇ ਕੁੱਝ ਅਹਿਮ ਨੁਕਤੇ ਸਾਹਮਣੇ ਆਉਂਦੇ ਹਨ।ਇਸ ਨਾਵਲ ਦੇ ਆਰੰਭ ਵਿਚ ਹੀ ਤਿੰਨ ਪ੍ਰਮੁੱਖ ਗਲਪੀ ਮੋਟੀਫ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ ਅਧੂਰਾ ਕਾਨੀ ਸ਼ਾਲ, ਦੂਸਰਾ ਅਧੂਰੇ ਸ਼ਾਲ 'ਚ ਬਣੀ ਹੋਈ ਲਹੂ ਰੰਗੀ ਚਸ਼ਮਿ ਬੁਲਬੁਲ ਭਾਵ ਬੁਲਬੁਲ ਦੀ ਉਹ ਸੁਰਖ਼ ਅੱਖ ਜਿਸ ਦੇ ਕੋਏ 'ਚ ਉਭਰਿਆ ਹੋਇਆ ਇਕ ਸਥਿਰ ਜਾਂ ਜੰਮਿਆ ਹੋਇਆ ਅੱਥਰੂ ਹੈ ਅਤੇ ਤੀਸਰਾ ਅਕਬਰ ਅਲੀ ਦੀ ਸਾਰੰਗੀ। ਇਥੇ ਅਧੂਰੀ ਕਾਨੀਸ਼ਾਲ ਕਸ਼ਮੀਰੀ ਆਂਚਲ ਵਿਚ ਵਿਭਿੰਨ ਸਮਾਜਿਕ-ਸਾਂਸਕ੍ਰਿਤਿਕ ਸੰਸਥਾਵਾਂ (ਧਾਰਮਿਕ, ਆਰਥਿਕ ਅਤੇ ਰਾਜਨੀਤਿਕ) ਅਤੇ ਕਦਰਾਂ ਦੇ ਤਿੜਕਣ ਕਰਕੇ ਰਿਸ਼ਤਿਆਂ ਵਿਚ ਆਈ ਸ਼ਿਥਲਤਾ ਦੀ ਸੂਚਕ ਹੈ।ਲਗਦਾ ਹੈ ਜਿਵੇਂ ਰਿਸ਼ਤਿਆਂ ਦੀਆਂ ਪੀਢੀਆਂ ਤੰਦਾ ਦੀ ਬੁਣਤੀ ਵਿਚ ਕੋਈ ਘੁਰਾ ਗਲਤ ਪੈ ਗਿਆ ਹੈ ਜਿਸ ਕਰਕੇ ਉਸਦਾ ਖਾਲਸ ਵਜੂਦ ਖਤਰੇ ਵਿਚ ਹੈ।ਦੂਜੇ ਪਾਸੇ ਪਰੰਪਰਾਈ ਰੰਗਾਂ ਵਾਲੀ ਚਸ਼ਮਿ ਬੁਲਬੁਲ ਦੀ ਥਾਂ ਬੁਲਬੁਲ ਦੀ ਲਹੂ ਰੰਗੀ ਅੱਖ ਕਸ਼ਮੀਰੀ ਸਮਾਜ ਦੀ ਸੰਸਥਾਗਤ ਅਤੇ ਸਭਿਆਚਾਰਕ ਤ੍ਰਾਸਦੀ ਚੋਂ ਉਪਜੇ ਕਸ਼ਮੀਰੀ ਅਵਚੇਤਨ ਦੇ ਤਣਾਉ ਅਤੇ ਵਿਸ਼ਾਦ ਨੂੰ ਬਿਆਨ ਕਰਨ ਦੇ ਨਾਲ-ਨਾਲ ਕਸ਼ਮੀਰ ਵਿਚ ਆਜ਼ਾਦੀ ਲਈ ਚਲੀ ਹਥਿਆਰਬੰਦ ਲਹਿਰ ਦੀ ਭੇਂਟ ਚੜ੍ਹੀ ਜਵਾਨੀ ਦੇ ਕਦੇ ਨਾ ਮੁਕੱਣ ਵਾਲੇ ਦੁੱਖ ਦੀ ਪ੍ਰਤੀਕ ਬਣਦੀ ਹੈ ਜਦਕਿ ਤੀਸਰੀ ਸਾਰੰਗੀ ਹੈ ਜੋ ਜਿੰਦਗੀ ਦੀ ਰਵਾਂਦਾਰੀ ਦੇ ਪ੍ਰਤੀਕ ਵਜੋਂ ਉਭਰਦੀ ਹੈ। ਇਸ ਸਾਰੰਗੀ ਵਿਚੋਂ ਨਿਕਲਣ ਵਾਲੀਆਂ ਸੰਗੀਤਕ ਧੁਨੀਆਂ ਦਾ ਆਧਾਰ ਉਹ ਦਾਰਸ਼ਨਿਕਤਾ ਹੈ ਜੋ ਵੈਰ-ਵਿਰੋਧ, ਉਚ-ਨੀਚ ਤੋਂ ਉਪਰ ਉਠ ਸਾਂਝੀਵਾਲਤਾ ਅਤੇ ਨਿਰੰਤਰ ਚਲਦੇ ਰਹਿਣ ਦੀ ਹਾਮੀ ਭਰਦੀ ਹੈ।ਨਾਵਲ ਦੀ ਸਮੁੱਚੀ ਕਹਾਣੀ ਇਨ੍ਹਾਂ ਗਲਪੀ ਮੋਟਿਫਾਂ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਮੁੱਖ ਪਾਤਰ ਮੁਸਤਫ਼ਾ ਦੇ ਜੀਵਨ ਦੇ ਵਿਭਿੰਨ ਵੇਰਵਿਆਂ ਨਾਲ ਸੰਬੰਧਿਤ ਹੈ। ਨੀਰ ਨੇ ਮੁਸਤਫ਼ਾ ਰਾਹੀਂ ਕਸ਼ਮੀਰ ਵਿਚ ਕਾਨੀਕਾਰੀ ਨਾਲ ਸੰਬੰਧਿਤ ਪਰਿਵਾਰਾਂ ਦੇ ਨਾਲ ਨਾਲ ਆਰਥਿਕ ਅਤੇ ਰਾਜਸੀ ਪੱਖ ਤੋਂ ਹਾਸ਼ੀਅਗਤ ਲੋਕਾਂ ਦੀਆਂ ਆਰਥਿਕ ਸਮੱਸਿਆਵਾਂ/ਥੁੜਾਂ, ਸੁਪਨਿਆਂ ਅਤੇ ਅਕਾਂਖਿਆਵਾਂ ਵਿਚਲੇ ਤਣਾਓ ਨੂੰ ਨਾਵਲ ਦੇ ਬਿਰਤਾਂਤਕ ਪਟਲ 'ਤੇ ਪ੍ਰਸਤੁੱਤ ਕਰਨ ਦੀ ਕੋਸ਼ਿਸ਼ ਕੀਤੀ ਹੈ।ਨਾਵਲ ਵਿਚ ਮੁਸਤਫ਼ਾ ਦੀ ਸੰਕਟ ਗ੍ਰਸਤ ਸਥਿਤੀ ਅਜਿਹੇ ਨਿਮਨ ਵਰਗ ਕਸ਼ਮੀਰੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਜੋ ਆਪਣੀ ਜਿੰਦਗੀ ਨੂੰ ਬਿਹਤਰ ਕਰਨ ਲਈ ਹਰ ਹੀਲਾ ਕਰਨ ਦੇ ਬਾਵਜੂਦ ਨਿਰੰਤਰ ਰਸਾਤਲ ਵਿਚ ਧਸਦੇ ਜਾ ਰਹੇ ਹਨ। ਕੁਲ ਮਿਲਾ ਕਿ ਨਾਵਲ ਚਸ਼ਮਿ ਬੁਲਬੁਲ ਦੀ ਪ੍ਰਮੁੱਖ ਸੁਰ ਤਣਾਉ ਅਤੇ ਵਿਸ਼ਾਦਗ੍ਰਸਤ ਕਸ਼ਮੀਰੀ ਸਮਾਜ ਹੈ ਜੋ 'ਪੂੰਜੀਵਾਦੀ ਰਿਸ਼ਤਿਆਂ ਦੀ ਚੜ੍ਹਤ ਕਰਕੇ ਸਮੂਹਕ ਸੰਸਕ੍ਰਿਤੀ ਦੇ ਵਿਗਠਨ' ਅਤੇ ਵਿਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਸ਼ੁਰੂ ਹੋਈ ਹਥਿਆਰਬੰਦ ਲਹਿਰ ਦੌਰਾਨ ਕਸ਼ਮੀਰ ਦੇ ਹੋਏ ਉਜਾੜੇ ਦੇ ਤਣਾਉ ਦਾ ਸੰਤਾਪ ਹੰਡਾ ਰਿਹਾ ਹੈ। ਇਸ ਸੁਰ ਵਿਚੋਂ ਜਿਹੜੀਆਂ ਘਟਨਾਵਾਂ ਗਲਪੀ ਆਕਾਰ ਲੈਂਦੀਆਂ ਹਨ, ਉਨ੍ਹਾਂ ਨੂੰ ਅਸੀਂ ਇਸ ਪ੍ਰਕਾਰ ਵਰਗੀਕ੍ਰਿਤ ਕਰ ਸਕਦੇ ਹਾਂ।ਆਰਥਿਕ ਆਧਾਰ 'ਤੇ ਪੁਨਰਗਠਿਤ ਹੁੰਦੇ ਰਿਸ਼ਤਿਆਂ ਦਾ ਤਣਾਉ, ਸਥਾਨਕ ਲੋਕ ਕਲਾਵਾਂ ਦੇ ਸੋੜੇ ਹੁੰਦੇ ਘੇਰੇ ਤੇ ਬਾਜਾਰੂ ਸਭਿਆਚਾਰ ਦੇ ਮੌਕਲੇ ਹੋਣ ਦਾ ਤਣਾਉ, ਦਹਿਸ਼ਤਗਰਦੀ ਦੇ ਮਾਹੌਲ ਵਿਚ ਨਵੀਂ ਪੀੜੀ ਦੀ ਪੁਨਰ ਸਿਰਜਿਤ ਹੁੰਦੀ ਸੋਚ ਦਾ ਤਣਾਓ।ਕੁਲ ਮਿਲਾ ਕੇ ਇਹ ਤਣਾਓ ਹੀ ਹੈ ਜੋ ਇਸ ਨਾਵਲ ਦੇ ਆਦਿ ਤੋਂ ਅੰਤ ਤਕ ਪਸਰਿਆ ਹੋਇਆ ਹੈ। ਹਾਲਾਂਕਿ ਨੀਰ ਇਸ ਤਣਾਓ ਦੀ ਪੇਸ਼ਕਾਰੀ ਸਮੇਂ ਕਸ਼ਮੀਰੀ ਸਮਾਜ ਅੰਦਰ ਪੂੰਜੀਵਾਦੀ ਰਿਸ਼ਤਿਆਂ ਦੀ ਚੜ੍ਹਤ ਨੂੰ ਪੇਸ਼ ਕਰਨ ਵਿਚ ਬੇਸ਼ਕ ਸਫ਼ਲ ਹੋਈ ਹੈ ਪਰ ਇਸ ਨਾਵਲ ਦੀ ਦੂਸਰੀ ਅਹਿਮ ਬਿਰਤਾਂਤਕ ਡਾਇਮੈਂਸ਼ਨ ਕਸ਼ਮੀਰ ਸੰਕਟ ਹੈ ਜਿਸ ਪ੍ਰਤੀ ਉਸਦਾ ਨਜ਼ਰੀਆ ਨਾ ਤਾਂ ਨਿਰਪੱਖ ਲਗਦਾ ਹੈ ਅਤੇ ਨਾ ਹੀ ਸੁਹਿਰਦ।

3

ਦਾ ਵਿਕਾਸ ਕਰ ਰਹੀ ਹੈ। ਆਧੁਨਿਕ ਮਨੁੱਖ ਸਵੈ ਕੇਂਦਰਿਤ ਹੁੰਦਾ ਜਾ ਰਿਹਾ ਹੈ ਤੇ ਉਸ ਵਿਚ ਵੱਧ ਤੋਂ ਵੱਧ ਮੁਨਾਫ਼ੇਖੋਰੀ ਦੀ ਲਾਲਸਾ ਵਧੀ ਹੈ। ਪੂੰਜੀਵਾਦੀ ਵਿਵਸਥਾ ਮਨੁੱਖੀ ਦੇ ਮਾਨਵੀ ਅਤੇ ਸਮਾਜਿਕ ਰਿਸ਼ਤਿਆਂ ਦੀ ਨਾਰਮਲੀ ਨੂੰ ਕੇਵਲ ਅਸੰਤੁਲਿਤ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਵਿਚ ਵੱਡੇ ਪੈਮਾਨੇ ਵਿਚ ਉਥਲ-ਪੁਥਲ ਕੀਤੀ ਹੈ। ਇਸ ਵਿਵਸਥਾ ਵਿਚ ਮੋਹ ਦੇ ਰਿਸ਼ਤੇ, ਸਵਾਰਥੀ ਤੇ ਵਪਾਰਿਕ ਰਿਸ਼ਤਿਆਂ ਵਿਚ ਪ੍ਰਵਤਿਤ ਹੋ ਜਾਂਦੇ ਹਨ। ਮਨੁੱਖੀ ਮੋਹ ਦੀ ਥਾਂ ਪਦਾਰਥਕ ਲੋਭ ਲੈ ਲੈਂਦਾ ਹੈ। ਇਸ ਪਦਾਰਥਕ ਲੋਭ ਅਤੇ ਵਿਅਕਤੀਵਾਦੀ ਰੁਚੀਆਂ ਕਾਰਨ ਹੀ ਅਕਬਰ ਅਲੀ ਦਾ ਪੂਰਾ ਪਰਿਵਾਰ ਪਰਸਪਰ ਤਣਾਓ ਦੀ ਸਥਿਤੀ ਵਿਚ ਵਿਚਰਦਾ ਹੈ। ਨਾਵਲ ਦੇ ਆਰੰਭ ਵਿਚ ਹੀ ਅਕਬਰ ਅਲੀ ਅਤੇ ਹਸਨੇ ਦੇ ਸੰਵਾਦਾਂ ਰਾਹੀਂ ਨਾਵਲਕਾਰਾ ਨੇ 'ਸਮੂਹਕ ਸੰਸਕ੍ਰਿਤੀ ਦੇ ਵਿਗਠਨ' ਅਤੇ ਵਿਅਕਤੀਵਾਦੀ ਰੁਚੀਆਂ ਦੇ ਫੈਲਣ ਦੀ ਪ੍ਰਕਿਰਿਆ ਦੇ ਸੰਕਟ ਨੂੰ ਹਸਨੇ ਵੱਲੋਂ ਆਪਣੇ ਪਿਤਾ ਅਕਬਰ ਅਲੀ ਦੇ ਵਿਚਾਰਾਂ ਅਤੇ ਪੁਛਤੈਨੀ ਧੰਦੇ (ਕਾਨੀ ਕਲਾ) ਨੂੰ ਅਸਵਿਕਾਰਨ ਅਤੇ ਉਸਤੋਂ ਵੱਖ ਹੋਣ ਦੇ ਰੂਪ ਵਿਚ ਬਿਆਨਿਆ ਹੈ। ਕਾਨੀ ਕਲਾ ਨਾਂ ਕੇਵਲ ਕਸ਼ਮੀਰ ਦੀ ਬਲਕਿ ਸਮੁੱਚੇ ਵਿਸ਼ਵ ਦੀਆਂ ਬੇਹਤਰੀਨ ਹਸਤ ਕਲਾਵਾਂ ਵਿਚੋਂ ਇਕ ਹੈ। ਇਹ ਕਲਾ ਜਿੰਨੀ ਖੂਬਸੂਰਤ ਹੈ, ਉਨ੍ਹੀ ਹੀ ਜਟਿਲ, ਵੱਧ ਸਮੇਂ, ਧਿਆਨ ਅਤੇ ਅਨੁਭਵ ਦੀ ਮੰਗ ਕਰਨ ਵਾਲੀ ਵੀ ਹੈ। ਇਹੀ ਕਾਰਨ ਹੈ ਕਿ ਕਾਨੀਸ਼ਾਲਾਂ ਅਤੇ ਸਟੋਲਾਂ ਦੀ ਦੁਨੀਆ ਭਰ ਵਿਚ ਮੁੱਢ ਤੋਂ ਹੀ ਭਾਰੀ ਮੰਗ ਹੈ ਅਤੇ ਕਸ਼ਮੀਰ ਦੇ ਕਾਨੀ ਸ਼ਾਲ ਸਥਾਨਕ ਲੋਕਾਂ ਦੇ ਨਾਲ ਨਾਲ ਵਿਦੇਸ਼ੀਆਂ ਲਈ ਵੀ ਰਈਸੀ ਦਾ ਪ੍ਰਤੀਕ ਬਣੀ ਹੋਈ ਹੈ। ਨਾਵਲੀ ਬਿਰਤਾਂਤ ਵਿਚ ਪੇਸ਼ ਬਹੁਤੀਆਂ ਘਟਨਾਵਾਂ ਦਾ ਸੰਬੰਧ ਕਸ਼ਮੀਰ ਦੇ ਇਕ ਛੋਟੇ ਜਿਹੇ ਗਾਲਪਨਿਕ ਪਿੰਡ ਕਾਨੀਗਾਮ ਨਾਲ ਹੈ। ਨਾਵਲੀ ਬਿਰਤਾਂਤ ਅਨੁਸਾਰ ਇਸ ਪਿੰਡ ਦਾ ਆਪਣਾ ਇਕ ਇਤਿਹਾਸਕ ਮਹੱਤਵ ਹੈ। ਨਾਵਲ ਦੇ ਮੁਖ ਪਾਤਰ ਮੁਸਤਫ਼ਾ ਦੇ ਦਾਦੇ ਅਕਬਰ ਅਲੀ ਦੇ ਕਹਿਣ ਅਨੁਸਾਰ ਇਸ ਪਿੰਡ ਦੀ ਜਗੀਰ ਉਨ੍ਹਾਂ ਦੇ ਵਡੇਰੇ ਸਲਾਮਤ ਅਲੀ ਵਲੋਂ ਬਾਦਸ਼ਾਹ ਅਕਬਰ ਨੂੰ ਆਪਣੇ ਹੱਥੀਂ ਬਣਾਕੇ ਭੇਂਟ ਕੀਤੇ ਕਾਨੀਸ਼ਾਲ ਦੇ ਬਦਲੇ ਇਨਾਮ ਵਜੋਂ ਮਿਲੀ ਸੀ। ਸਲਾਮਤ ਅਲੀ ਤੋਂ ਹੁੰਦੇ ਹੋਏ ਹੀ ਇਹ ਕਾਨੀ ਕਲਾ ਅਗਲੀਆਂ ਪੀੜੀਆਂ ਤੋਂ ਹੁੰਦੀ ਹੋਈ ਅਕਬਰ ਅਲੀ ਤਕ ਪਹੁੰਚਦੀ ਹੈ। ਕਾਨੀ ਕਲਾ ਇਨ੍ਹਾਂ ਲਈ ਮਹਿਜ਼ ਰੋਜ਼ੀ-ਰੋਟੀ ਦਾ ਵਸੀਲਾ ਮਾਤਰ ਨਹੀਂ ਹੈ ਬਲਕਿ ਅਜਿਹਾ ਮੁੱਕਦਸ ਅਤੇ ਦਾਰਸ਼ਨਿਕ ਕਾਰਜ ਹੈ ਜਿਸ ਵਿਚ ਉਹ ਆਪਣੀ ਜਿੰਦਗੀ ਦੇ ਅਸਲ ਅਤੇ ਅੰਤਿਮ ਸੱਚ ਨੂੰ ਮਹਿਸੂਸਦੇ ਅਤੇ ਮਾਣਦੇ ਹਨ। ਇਨ੍ਹਾਂ ਲਈ ਕਾਨੀਸ਼ਾਲ ਜ਼ਿੰਦਗੀ ਦਾ ਸਾਰ ਹੈ। ਸ਼ਾਲ ਵਿਚੋਂ ਹੀ ਅਕਬਰ ਅਲੀ ਸੁਚੱਜੀ ਤੇ ਖੁਸ਼ਹਾਲ ਜ਼ਿੰਦਗੀ ਦਾ ਫ਼ਲਸਫ਼ਾ ਵੀ ਸਮਝਾਉਂਦਾ ਹੈ:

> "ਇਸ ਪਸ਼ਮੀਨੇ ਦਾ ਸੰਬੰਧ ਸਰੀਰ ਨਾਲ਼ ਨਹੀਂ ਸਗੋਂ, ਓੜਨ ਵਾਲੇ ਦੀ ਰੂਹ ਨਾਲ਼ ਜੁੜ ਜਾਂਦਾ ਹੈ। ਤੇ ਉਹ ਸਰੀਰ ਜੋ ਉਸ ਨੂੰ ਓੜਦਾ ਹੈ ਉਸਦੀ ਰੂਹ ਇਸ ਪਸ਼ਮੀਨੇ ਦੀ ਛੋਹ ਨਾਲ਼ ਉਸੇ ਤਰ੍ਹਾਂ ਸਰਸ਼ਾਰ ਹੋ ਜਾਂਦੀ ਹੈ ਜਿਵੇਂ ਕਿਸੇ ਪਵਿਤ੍ਰ ਦਰਗਾਹ ਉਤੇ ਕੋਈ ਪੀਰ ਮੋਰਖੰਭਾਂ ਨਾਲ਼ ਕਿਸੇ ਨੂੰ ਅਸ਼ੀਰਵਾਦ ਦੇਂਦਾ ਹੈ। ਉਹ ਰੂਹ ਜੋ ਰੰਗਾਂ ਦੇ ਸੁਹੱਪਣ ਨੂੰ ਪਛਾਣਦੀ ਹੋਵੇ....ਜਿਸ ਨੂੰ ਕਿਸੇ ਆਤਮਿਕ ਛੋਹ ਦੀ ਨਰਮੀ ਦਾ ਅਹਿਸਾਸ ਹੋਵੇ ਤੇ ਜੋ ਪਸ਼ਮ ਦੇ ਨਰਮੋ-ਨਾਜ਼ੁਕ ਰੇਸ਼ਿਆਂ ਦੀ ਛੋਹ ਤੋਂ ਉਤਪੰਨ ਹੋਣ ਵਾਲੀ ਸਿਹਰਨ ਨੂੰ ਮਹਿਸੂਸ ਕਰ ਸਕਦੀ ਹੋਵੇ। ਇਹ ਪਸ਼ਮੀਨਾ, ਕਾਨੀ, ਜਾਮਾਵਾਰ ਤੇ ਸ਼ਾਹਤੂਤ ਅਜਿਹੀਆਂ ਹੀ ਸੁਲੱਖਣੀਆਂ ਰੂਹਾਂ ਦਾ ਸ਼ਿੰਗਾਰ ਬਣਨ ਲਈ ਇਕ ਆਵਰਣ ਦਾ ਰੂਪ ਧਾਰਦੀਆਂ ਹਨ।"[1]

ਕਾਨੀਸ਼ਾਲ ਸੰਬੰਧੀ ਉਪਰੋਕਤ ਦਾਰਸ਼ਨਿਕ ਵਿਚਾਰਾਂ ਵਿਚ 'ਸੁਲਖਣੀਆਂ ਰੂਹਾਂ' ਮਾਨਵੀ ਸੰਵੇਦਨਾਵਾਂ ਅਤੇ ਸਵੱਛ ਸਮਾਜਿਕ ਰਿਸ਼ਤਿਆਂ ਨਾਲ ਪ੍ਰਣਾਏ ਲੋਕਾਂ ਲਈ ਵਰਤਿਆ ਇਕ ਬਹੁਤ ਮਹਤੱਵਪੂਰਨ ਸੰਕੇਤ ਹੈ । ਨਾਵਲੀ ਬਿਰਤਾਂਤ ਅਨੁਸਾਰ ਦਾਰਸ਼ਨਿਕ ਬਿਰਤੀ ਵਾਲਾ ਅਕਬਰ ਅਲੀ ਆਪਣੇ ਪੁੱਤਰਾਂ ਆਹਦ ਮੱਤੇ ਅਤੇ ਹਸਨੇ ਨੂੰ ਕਾਨੀਸ਼ਾਲ ਅਤੇ ਕਾਨੀ ਕਲਾ ਨੂੰ ਇਕ ਮੁੱਕਦਸ ਕਾਰਜ ਵਜੋਂ ਬੜੇ ਹੀ ਫ਼ਲਸਫ਼ਾਨਾਂ ਅੰਦਾਜ ਵਿਚ ਸਵਿਕਾਰਨ ਦੀ ਤਜਵੀਜ਼ ਕਰਦਾ ਹੋਇਆ ਕਹਿੰਦਾ ਹੈ।

> "ਇੱਕ ਔਖਾ ਪੈਂਡਾ ਤੁਰ ਲੈਣ ਬਾਅਦ ਜਾਂ ਤਿਖੀ ਪਹਾੜੀ ਸਰ ਕਰ ਲੈਣ ਬਾਅਦ ਕਿਸੇ ਮੁਸਾਫ਼ਿਰ ਨੂੰ ਜੋ ਤਸੱਲੀ ਮਿਲਦੀ ਹੈ ਉਹੀ ਸਕੂਨ ਤੇ ਤਸੱਲੀ ਮਿਲਦੀ ਹੈ ਇਕ ਕਾਰੀਗਰ ਨੂੰ ਜਦੋਂ ਉਸਦੀ ਮਹੀਨਿਆਂ ਤੇ ਕਦੀ-ਕਦੀ ਸਾਲ ਭਰ ਦੀ ਮਿਹਨਤ ਬਾਅਦ ਇਕ ਸ਼ਾਨਾਮੱਤਾ ਸ਼ਾਲ ਤਿਆਰ ਹੁੰਦਾ ਹੈ। ਕਾਨੀਸ਼ਾਲ ਬੁਣਨਾ ਇਕ ਕਸਬ ਹੀ ਨਹੀਂ ਸਗੋਂ ਇਹ ਕੰਮ ਤੋਂ ਤੱਪ ਦੀ ਯਾਤਰਾ ਹੈ। ਇਸਦੇ ਇੱਕ ਇੱਕ ਘੁਰੇ ਨੂੰ ਬੁਣਦਿਆਂ ਕਿਸੇ ਇਲਾਹੀ ਨਾਦ ਵਾਂਗ ਇਸ਼ਕ ਦਾ ਸੰਗੀਤ ਗੂੰਜਦਾ ਹੈ ਉਸਦੀ ਆਤਮਾ ਅੰਦਰ। ਉਹ ਇਸ਼ਕ ਜੋ ਇਕ ਸੱਚੇ ਫ਼ਨਕਾਰ ਨੂੰ ਆਪਣੇ ਫ਼ਨ ਨਾਲ ਹੁੰਦਾ ਹੈ।"[2]

ਪਰ ਵਿਡੰਬਨਾ ਇਹ ਹੈ ਕਿ ਉਸਦੇ ਦੋਵੇਂ ਹੀ ਪੁੱਤਰ ਉਸਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦੇ। ਆਹਦ ਮੱਤਾ ਆਪਣੇ ਫ਼ਕੀਰੀ ਸੁਬਾਓ ਕਰਕੇ ਅਤੇ ਹਸਨਾ ਆਪਣੇ ਪਿਤਾ ਪੁਰਖੀ ਕਿੱਤੇ ਵਿਚੋਂ ਘੱਟ ਆਮਦਨੀ ਦੇ ਤਰਕ ਨਾਲ ਅਕਬਰ ਅਲੀ ਦੀ ਉਪਰੋਕਤ ਤਜ਼ਵੀਜ਼ ਨੂੰ ਸਿਰੇ ਤੋਂ ਖਾਰਿਜ਼ ਕਰ ਦਿੰਦਾ ਹੈ ਉਸ ਅਨੁਸਾਰ:

"ਬਾਬਾ ਜਾਨ.... ਮੈਂ ਐਸੇ ਖਾਨਦਾਨੀ ਪੇਸ਼ੇ ਪਿਛੇ ਆਪਣਾ ਖ਼ਾਨਦਾਨ ਗਰੀਬੀ ਦੀ ਭੱਠੀ ਵਿੱਚ ਨਹੀਂ ਝੋਂਕ ਸਕਦਾ, ਜਿਸ ਪੇਸ਼ੇ 'ਚੋਂ ਉਨ੍ਹਾਂ ਨੂੰ ਚੱਜ ਦੀ ਰੋਟੀ ਵੀ ਨਹੀਂ ਨਸੀਬ ਹੋਵੇਗੀ।"[3]

ਹਸਨੇ ਦਾ ਪਿਤਾ ਨੂੰ ਦਿੱਤਾ ਉਪਰੋਕਤ ਉੱਤਰ ਕਾਨੀ ਕਲਾ ਦੇ ਪੇਸ਼ੇ ਨਾਲ ਜੁੜੇ ਕਾਨੀਕਾਰਾਂ ਦੀ ਆਰਥਿਕ ਮੰਦਹਾਲੀ ਦੇ ਪ੍ਰਤੀਰੋਧ ਵਿਚ ਬੇਸ਼ਕ ਗੈਰਵਾਜਿਬ ਕਦਮ ਨਹੀਂ ਲੱਗਦਾ ਪਰ ਇਸ ਤੋਂ ਵੀ ਦੋ ਕਦਮ ਅਗੇ ਵੱਧ ਕੇ ਹਸਨੇ ਵਲੋਂ ਆਪਣੇ ਪਰਿਵਾਰ ਸਮੇਤ ਬੁੱਢੇ ਮਾਂ-ਬਾਪ ਨੂੰ ਛੱਡ ਕੇ ਅਲਗ ਹੋ ਜਾਣ ਤੋਂ ਹੀ ਇਸ ਨਾਵਲ ਦੇ ਤ੍ਰਾਸਦਿਕ ਘਟਨਾਕ੍ਰਮ ਦੀ ਸ਼ੁਰੂਆਤ ਵੀ ਹੁੰਦੀ ਹੈ।

ਪੂੰਜੀਵਾਦੀ ਅਰਥ ਵਿਵਸਥਾ ਦੇ ਮਾਰੂ ਪ੍ਰਭਾਵ ਹੇਠ ਲਹੂ ਦੇ ਮੋਹ ਦੀਆਂ ਤੰਦਾਂ ਵਿਚ ਬੱਝੇ ਸਾਂਝੇ ਪਰਿਵਾਰ ਆਉਂਦੇ ਹਨ। ਨਿੱਜੀ ਸੰਪਤੀ ਦੀ ਮਲਕੀਅਤ ਦਾ ਲੋਭ, ਲਹੂ ਦੇ ਰਿਸ਼ਤੇ ਨੂੰ ਸ਼ਰੀਕੇ ਵਿਚ ਬਦਲ ਦਿੰਦਾ ਹੈ। ਇਸ ਦੇ ਨਾਵਲ ਵਿਚ ਕਈ ਸਪਸ਼ਟ ਪ੍ਰਮਾਣ ਮਿਲਦੇ ਹਨ। ਹਸਨਾ ਘੱਟ ਮਿਹਨਤ ਤੇ ਵੱਧ ਮੁਨਾਫ਼ੇ ਦੇ ਮਕਸਦ ਨਾਲ ਕਾਨੀਕਾਰੀ ਦਾ ਪੁਸ਼ਤੈਨੀ ਕੰਮ ਛੱਡ ਕਾਲੀਨ ਬਾਫ਼ੀ ਦਾ ਵੱਖਰਾ ਕੰਮ ਸ਼ੁਰੂ ਕਰ ਲੈਂਦਾ ਹੈ।ਉਹ ਕੇਵਲ ਕੰਮ ਹੀ ਵੱਖ ਨਹੀਂ ਕਰਦਾ ਬਲਕਿ ਘਰੋਂ ਹੀ ਵੱਖ ਹੋ ਜਾਂਦਾ ਹੈ। ਅਜਿਹਾ ਉਹ ਸੁਚੇਤ ਰੂਪ ਵਿਚ ਕਰਦਾ ਹੈ ਤਾਂ ਜੋ ਉਸ ਦੀ ਕਮਾਈ ਦਾ ਉਸਦੇ ਪਰਿਵਾਰ ਤੋਂ ਇਲਾਵਾ ਕੋਈ ਦੂਸਰਾ ਭਾਈਵਾਲ ਨਾ ਬਣੇ।ਹਸਨਾ ਅਤੇ ਉਸਦਾ ਪਰਿਵਾਰ ਅਕਬਰ ਅਲੀ ਨਾਲ ਸਾਰੇ ਰਿਸ਼ਤੇ ਸਮਾਪਤ ਕਰ ਲੈਂਦੇ ਹਨ। ਬੁੱਢੇ ਅਕਬਰ ਅਲੀ ਦੀਆਂ ਸਾਰੀਆਂ ਉਮੀਦਾਂ ਉਤੇ ਪਾਣੀ ਫਿਰ ਜਾਂਦਾ ਹੈ। ਆਹਦ ਮੱਤਾ ਇਕ ਬਾਰ ਘਰੋਂ ਅਜਿਹਾ ਨਿਕਲਦਾ ਹੈ ਕਿ ਮੁੜ ਪਰਤਦਾ ਹੀ ਨਹੀਂ। ਆਹਦ ਮੱਤਾ ਆਪ ਤਾਂ ਚਲਾ ਜਾਂਦਾ ਪਰ ਪਿੱਛੇ ਛੱਡ ਜਾਂਦਾ ਹੈ ਦੋ ਮਾਂ ਬਾਹਰੇ ਬੱਚੇ, ਮੁਹੰਮਦ ਮੁਸਤਫ਼ਾ ਅਤੇ ਗੁਲਾਲਾ।ਅਕਬਰ ਅਲੀ ਅਤੇ ਉਸ ਦੀ ਪਤਨੀ ਜੰਨਤੀ ਇਨ੍ਹਾਂ ਦੋਵਾਂ ਬੱਚਿਆਂ ਦੀ ਦੇਖ-ਰੇਖ ਅਤੇ ਪਰਵਰਿਸ਼ ਕਰਦੇ ਹਨ। ਅਕਬਰ ਅਲੀ ਜਾਣਦਾ ਹੈ ਕਿ ਹਸਨਾ ਹੀ ਨਹੀਂ ਉਸਦਾ ਪੂਰਾ ਟੱਬਰ ਹੀ ਵਿਅਕਤੀਵਾਦੀ/ਨਿੱਜਵਾਦੀ ਰੁਚੀਆਂ ਦਾ ਧਾਰਨੀ ਹੈ ਜੋ ਆਪਣੇ ਆਰਥਿਕ ਹਿੱਤਾਂ ਲਈ ਕੁੱਝ ਵੀ ਕਰ ਸਕਦਾ ਹੈ।ਪਰਿਵਾਰਕ ਰਿਸ਼ਤਿਆਂ ਦੇ ਬਦਲਦੇ ਪਰਿਵੇਸ਼ ਕਰਕੇ ਅਕਬਰ ਅਲੀ ਆਪਣੇ ਪੁੱਤਰ ਆਹਦ ਮੱਤੇ ਦੇ ਬਚਿਆਂ ਮੁਸਤਫ਼ਾ ਅਤੇ ਗੁਲਾਲਾ ਕਰਕੇ ਵੀ ਬਹੁਤ ਫਿਕਰਮੰਦ ਹੈ ਜਿੰਨ੍ਹਾਂ ਨੂੰ ਕੋਈ ਵੀ ਕੁਝ ਵੀ ਕਰ ਸਕਦਾ ਹੈ:

> "ਅਲਾਹ ਤੋਂ ਦੁਆ ਮੰਗਿਆ ਕਰ ਜੰਨਤੀਏ ਕਿ ਸਾਨੂੰ ਏਨੀ ਕੁ ਉਮਰ ਅਤਾ ਫਰਮਾ ਦੇਵੇ ਕਿ ਇਨ੍ਹਾਂ ਬਚਿਆਂ ਨੂੰ ਅਸੀਂ ਕਿਸੇ ਲਾਇਕ ਬਣਾ ਸਕੀਏ ਨਹੀਂ ਤਾਂ ਇਹ ਡਾਢੀ ਦੁਨੀਆਂ ਇਨ੍ਹਾਂ ਨੂੰ ਜੀਣ ਨਹੀਂ ਦੇਵੇਗੀ ।ਆਪਣੇ ਹੀ ਦੁਸ਼ਮਣ ਬਣ ਜਾਣਗੇ। "[4]

ਅਕਬਰ ਅਲੀ ਦੀ ਮੁਸਤਫ਼ਾ ਅਤੇ ਗੁਲਾਲਾ ਸੰਬੰਧੀ ਜ਼ਾਹਿਰ ਕੀਤੀ ਫਿਕਰ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਜਿਹੜੇ ਭਰਾ ਕਦੀ ਭਰਾਵਾਂ ਦੀਆਂ ਬਾਹਵਾਂ ਮੰਨੇ ਜਾਂਦੇ ਸਨ ਉਹੀ ਭਰਾ ਅੱਜ ਮੁਕਾਬਲੇ ਦੇ ਇਸ ਦੌਰ ਵਿਚ ਆਪਣੇ ਹੀ ਸੱਕਿਆਂ ਲਈ ਸਭ ਤੋਂ ਨਜ਼ਦੀਕੀ ਅਤੇ ਵੱਡਾ ਖਤਰਾ ਬਣੇ ਹੋਏ ਹਨ ।ਕਸ਼ਮੀਰੀ ਸਮਾਜ ਵਿਚ ਪੂੰਜੀਵਾਦੀ ਰਿਸ਼ਤਿਆਂ ਦੀ ਆਮਦ ਕਰਕੇ ਪਰਸਪਰ ਸਾਂਝ ਦੇ ਤਿੜਕਣ ਦੀ ਪ੍ਰਕਿਰਿਆ ਨੂੰ ਅਕਬਰ ਅਲੀ ਅਤੇ ਹਸਨ ਦੇ ਵਿਗੰਠਿਤ ਰਿਸ਼ਤੇ ਦੇ ਰੂਪ ਵਜੋਂ ਬਿਆਨਦੀ ਹੋਈ ਨੀਰ ਨਾਵਲ ਦੀਆਂ ਅਗਲੇਰੀਆਂ ਘਟਨਾਵਾਂ ਵਿਚ ਆਪਣੀ ਬਿਰਤਾਂਤਕ ਦ੍ਰਿਸ਼ਕਾਰੀ ਰਾਹੀਂ ਰਿਸ਼ਤਿਆਂ ਦੇ ਇਸ ਵਿਗਠਨ ਦੀ ਗੰਭੀਰਤਾ, ਗਤੀਸ਼ੀਲਤਾ ਅਤੇ ਤ੍ਰਾਸਦਿਕ ਨਤੀਜਿਆਂ ਨੂੰ ਪਾਠਕਾਂ ਸੱਨਮੁੱਖ ਖੋਲ੍ਹਦੀ ਜਾਂਦੀ ਹੈ।ਇਸ ਦਾ ਅਗਲਾ ਸ਼ਿਕਾਰ ਮੁਸਤਫ਼ਾ ਅਤੇ ਪੋਸ਼ਮਾਲ ਦਾ ਰਿਸ਼ਤਾ ਬਣਦਾ ਹੈ।ਮੁਸਤਫ਼ਾ ਆਪਣੇ ਦਾਦੇ ਦੀ ਨੈਤਿਕ ਅਗੁਆਈ ਵਿਚ ਦਾਰਸ਼ਨਿਕ ਵਿਚਾਰਾਂ ਅਤੇ ਖਾਣਦਾਨੀ ਕਲਾ ਦੀ ਸਿਖਿਆ ਨਾਲ ਪ੍ਰਣਾਇਆ ਹੋਇਆ ਅਜਿਹਾ ਆਦਰਸ਼ਕ ਪਾਤਰ ਹੈ ਜੋ ਆਪਣੇ ਪਿਤਾ ਦੇ ਫੱਕੜ ਸੁਭਾਉ ਅਤੇ ਆਪਣੇ ਚਾਚੇ ਹਸਨੇ ਵਲੋਂ ਕਾਨੀ ਕਲਾ ਦੇ ਪੁਸ਼ਤੈਨੀ ਧੰਦੇ ਨੂੰ ਨਾ ਅਪਣਾਉਣ ਦੀ ਸੂਰਤ ਵਿਚ ਕਾਨੀ ਕਲਾ ਨੂੰ ਅਗੇ ਲੈ ਜਾਣ ਲਈ ਅਕਬਰ ਅਲੀ ਦੀ ਆਖਰੀ ਉਮੀਦ ਵਜੋਂ ਖਰਾ ਉਤੱਰਦਾ ਹੈ।ਅਕਬਰ ਅਲੀ ਉਸਨੂੰ ਜਿੰਦਗੀ ਦੀਆਂ ਤਲਖ ਹਕੀਕਤਾਂ ਦੇ ਰੂਬਰੂ ਹੋਣ ਲਈ ਤਾਲੀਮੀ ਤੌਰ 'ਤੇ ਵੀ ਤਿਆਰ ਕਰਦਾ ਹੈ। ਮੁਸਤਫ਼ਾ ਅਕਬਰ ਅਲੀ ਦੀ ਸੁਚੇਤ ਅਗੁਆਈ ਹੇਠ ਪਹਿਲਾਂ ਸਕੂਲੀ ਤੇ ਫਿਰ ਉੱਚ ਸਿਖਿਆ ਹਾਸਿਲ ਕਰਦਾ ਹੈ। ਇਸਦੇ ਨਾਲ ਨਾਲ ਹੀ ਉਹ ਆਪਣੇ ਦਾਦੇ ਦੇ ਪਰੰਪਰਾਈ ਕਿੱਤੇ ਨੂੰ ਵੀ ਸਿਖਦਾ ਹੈ ਅਤੇ ਅਗੇ ਚਲਕੇ ਉਸਨੂੰ ਆਪਣੀ ਉਪਜੀਵਕਾ ਦਾ ਸਾਧਨ ਵੀ ਬਣਾਉਂਦਾ ਹੈ। ਮੁਸਤਫ਼ਾ ਬਚਪਨ ਤੋਂ ਹੀ ਆਪਣੀ ਭੂਆ ਸ਼ਾਦਾਂ ਦੀ ਧੀ ਪੋਸ਼ਮਾਲ ਵੱਲ ਆਕ੍ਰਸ਼ਿਤ ਹੁੰਦਾ ਹੈ।ਦੋਵਾਂ ਨੂੰ ਇਕ ਦੂਸਰੇ ਦੀ ਤਾਂਘ ਰਹਿੰਦੀ ਪਰ ਬਚਪਣ ਦੀਆਂ ਬਰੂਹਾਂ ਟੱਪ ਜਵਾਨੀ ਵਿਚ ਪ੍ਰਵੇਸ਼ ਕਰਦੇ ਹੀ ਇਹ ਤਾਂਘ ਭਾਵੁਕ ਰੂਪ ਅਖਤਿਆਰ ਕਰ ਪਾਕ-ਸਾਫ਼ ਮੁਹੱਬਤੀ ਜਜ਼ਬਿਆਂ ਵਿਚ ਬਦਲ ਜਾਂਦੀ ਹੈ। ਦੋਹਾਂ ਦੀ ਇਕ ਦੂਸਰੇ ਪ੍ਰਤੀ ਸਿੱਕ ਅਤੇ ਖਿੱਚ ਨੂੰ ਮਹਿਸੂਸ ਕਰਦੇ ਹੋਏ ਅਕਬਰ ਅਲੀ ਆਪਣੀ ਪਤਨੀ ਨਾਲ ਸਲਾਹ ਕਰਕੇ ਸ਼ਾਦਾਂ ਅਗੇ ਪੋਸ਼ਮਾਲ ਅਤੇ ਮੁਸਤਫ਼ੇ ਦੇ ਨਿਕਾਹ ਦਾ ਪ੍ਰਸਤਾਵ ਰਖਦਾ ਹੈ।ਸ਼ਾਦਾਂ ਇਸ ਪ੍ਰਸਤਾਵ ਨੂੰ ਸਿਰਿਉਂ ਖਾਰਿਜ ਕਰ ਦਿੰਦੀ ਹੈ ਕਿਉਂਕਿ ਉਹ ਆਰਥਿਕ ਤੌਰ ਤੇ ਕਮਜ਼ੋਰ ਹੈ। ਪੜ੍ਹਿਆ ਲਿਖਿਆ ਅਤੇ ਨੇਕ ਸਖਸ਼ੀਅਤ ਦਾ ਮਾਲਕ ਹੋਣ ਦੇ ਬਾਅਦ ਵੀ ਸ਼ਾਦਾਂ ਮੁਸਤਫ਼ਾ ਦੇ ਮੁਕਾਬਲੇ ਹਸਨੇ ਦੇ ਕਾਦਰੇ ਨੂੰ ਪੋਸ਼ਮਾਲ ਲਈ ਬਿਹਤਰ ਵਿਕਲਪ ਸਮਝਦੀ ਹੈ।ਕਾਦਰੇ ਦੀ ਦੌਲਤ ਨਾ ਕੇਵਲ ਕਾਦਰੇ ਦੇ ਸਾਰੇ ਐਬਾਂ ਉਤੇ ਪਰਦਾ ਪਾ ਦਿੰਦੀ ਹੈ ਬਲਕਿ ਸ਼ਾਦਾਂ ਦੀ ਰਿਸ਼ਤਿਆਂ ਪ੍ਰਤੀ ਸੰਵੇਦਨਾ ਨੂੰ ਵੀ ਮਾਰ ਦਿੰਦੀ ਹੈ।ਉਹ ਆਪ ਆਪਣੀ ਧੀ ਦੀਆਂ ਸੱਧਰਾਂ ਦਾ ਗੱਲ ਘੁਟ ਦਿੰਦੀ ਹੈ।ਸ਼ਾਦਾਂ ਦੇ ਇਸ ਵਿਵਹਾਰ ਦਾ ਅਕਬਰ ਅਲੀ ਨੂੰ ਗਹਿਰਾ ਸਦਮਾ ਪਹੁੰਚਦਾ ਹੈ, ਪਰ ਆਪਣੀ ਧੀ ਦੇ ਵਿਵਹਾਰ ਦੇ ਪ੍ਰਤੀਕਰਮ ਵਿਚ ਉਹ ਉਸ ਵਾਂਗ ਹੀ ਵਿਵਹਾਰ ਕਰਨ ਦੀ ਥਾਂ ਮੁਹੱਬਤ ਦੀ ਬਾਤ ਪਾਉਂਦਾ ਹੈ ਤੇ ਆਪਸੀ ਰਿਸ਼ਤਿਆਂ ਵਿਚ ਪੈਸੇ ਦੀ ਥਾਂ ਮੁਹੱਬਤ ਨੂੰ ਅਹਿਮ ਦਸਦਾ ਹੈ। ਨੀਰ ਅਕਬਰ ਅਲੀ ਅਤੇ ਜੰਨਤੀ ਦੇ ਇਨ੍ਹਾਂ ਸੰਵਾਦਾਂ ਰਾਹੀਂ ਮਾਨਵੀ ਜੀਵਨ ਵਿਚ ਮੁਹਬੱਤ ਅਤੇ ਪ੍ਰੀਤ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦੀ ਹੈ।

"ਲੋਕਾਂ ਨੇ ਪਿਆਰ ਮੁੱਹਬਤ ਨੂੰ ਬੇਫ਼ਜ਼ੂਲ, ਬੇਮਾਅਨੀ ਤੇ ਮਾਮੂਲੀ ਜਿਹੀ ਗਲ ਸਮਝ ਕੇ ਆਪਣੀਆਂ ਜਿੰਦਗੀਆਂ ਵਿਚੋਂ ਮਨਫ਼ੀ ਕਰ ਦਿੱਤਾ ਹੈ। ਤਾਂ ਹੀ ਜਿਉਂਦੇ ਜਾਗਦੇ ਇਨਸਾਨ ਵੀ ਮਰੀਆਂ ਰੂਹਾਂ ਵਾਂਗ ਭਟਕਦੇ ਫਿਰ ਰਹੇ ਹਨ।ਕੋਈ ਇਹ ਨਹੀਂ ਸਮਝਦਾ ਕਿ ਇਹ ਪਿਆਰ ਮੁਹਬੱਤ ਦੁਨੀਆ ਹੀ ਹੈ ਜੋ ਇਨਸਾਨੀ ਰਿਸ਼ਤਿਆਂ ਦੀ ਰੀੜ੍ਹ ਦੀ ਹੱਡੀ ਹੈ। ਜੇ ਦੁਨੀਆ ਨੂੰ ਕੋਈ ਚੀਜ ਜੋੜਦੀ ਹੈ ਤਾਂ ਉਹ ਪਿਆਰ ਮੁਹੱਬਤ ਹੀ ਹੈ।ਪਿਆਰ ਕਰਨ ਵਾਲਾ ਇਨਸਾਨ ਇਹ ਨਹੀਂ ਸੋਚਦਾ ਕਿ ਦੁਨੀਆ ਕਿਹੋ ਜਿਹੀ ਹੈ ਉਹ ਤਾਂ ਬਲਕਿ ਸੋਚਦਾ ਹੈ ਕਿ ਦੁਨੀਆ ਹੋਣੀ ਕਿਹੋ ਜਿਹੀ ਚਾਹੀਦੀ ਹੈ।"[5]

ਇਸ ਨਿਕਾਹ ਨਾਲ ਜਿੱਥੇ ਮੁਸਤਫ਼ਾ ਜਿੰਦਗੀ ਤੋਂ ਉਪਰਾਮ ਹੋ ਜਾਂਦਾ ਹੈ ਉਥੇ ਪੋਸ਼ਮਾਲ ਵਿਆਹ ਉਪਰੰਤ ਭਾਵਾਤਮਕ ਤੌਰ 'ਤੇ ਕਾਦਰੇ ਨੂੰ ਕਦੇ ਵੀ ਸਵਿਕਾਰਦੀ ਨਹੀਂ ਜਿਸਦੇ ਪ੍ਰਤੀਕਰਮ ਵਜੋਂ ਉਹ ਅਕਸਰ ਕਾਦਰੇ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਬਣਦੀ ਹੈ ਅਤੇ ਉਮਰ ਭਰ ਇਸਦਾ ਦੁਖ ਹੰਡਾਉਂਦੀ ਹੈ।ਮੁਸਤਫ਼ਾ ਜਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਘੁਲਦਾ ਆਪਣੇ ਦਾਦੇ ਦੀ ਰਹਿਨੁਮਾਈ 'ਚ ਨਵੇਂ ਮਿਆਰ ਅਤੇ ਦਿਸਹਦੇ ਸਥਾਪਿਤ ਕਰਦਾ ਹੈ ਅਤੇ ਆਪਣੇ ਪਿੰਡ ਦੇ ਕਾਨੀ  ਕਾਰਾਂ ਦਾ ਰਹਿਬਰ ਬਣ, ਆਪਣਾ ਜੀਵਨ ਕਾਨੀਕਲਾ, ਕਾਨੀਕਾਰਾਂ ਅਤੇ ਕਾਨੀਗਾਮ ਦੀ ਬਿਹਤਰੀ ਨੂੰ ਸਮ੍ਰਪਿੱਤ ਕਰ ਦਿੰਦਾ ਹੈ।ਇਸੇ ਦੌਰਾਨ ਹੀ ਉਹ ਆਪਣੀ ਭੈਣ ਗੁਲਾਲਾ ਦਾ ਵਿਆਹ ਇਕ ਸਰਦੇ ਪੁੱਜਦੇ ਘਰ ਵਿਚ ਕਰਦਾ ਹੈ।ਗੁਲਾਲਾ ਦਾ ਰਿਸ਼ਤਾ ਵੀ ਅਕਬਰ ਅਲੀ ਦੀ ਦਾਨਸ਼ਵਰੀ ਅਤੇ ਮੁਸਤਫ਼ਾ ਦੇ ਨੇਕ ਸੁਭਾਉ ਕਰਕੇ ਹੀ ਆਪਣੇ ਤੋਂ ਵੱਡੇ ਘਰ ਵਿਚ ਹੁੰਦਾ ਹੈ।ਪਰ ਆਪਣੀ ਉਮਰ ਬਿਤਾ ਜਾਣ ਬਾਅਦ ਮੁਸਤਫ਼ੇ ਦਾ ਰਹਿਬਰ ਅਕਬਰ ਅਲੀ ਸਰੀਰਕ ਤੌਰ 'ਤੇ ਸਦਾ ਲਈ ਉਸਨੂੰ ਅਲਵਿਦਾ ਕਹਿ ਜਾਂਦਾ ਹੈ। ਆਪਣੀ ਦਾਦੀ ਅਤੇ ਦਾਦੇ ਦੀ ਮੌਤ ਤੋਂ ਬਾਅਦ ਇੱਕਲਾਪਾ ਹੰਢਾਉਂਦੇ ਮੁਸਤਫ਼ੇ ਦਾ ਸਹਾਰਾ ਅਕਬਰ ਅਲੀ ਦੇ ਨਜ਼ਦੀਕੀ ਪਸ਼ਮ ਰੰਗਣ ਵਾਲੇ ਕਾਰੀਗਰ 'ਗੁਲਫ਼ਾਮ' ਦੀ ਧੀ 'ਪਾਸ਼ਾ' ਬਣਦੀ ਹੈ। 'ਪਾਸ਼ਾ' ਆਪਣੀ ਜ਼ਹੀਨ ਸਖਸ਼ੀਅਤ, ਦਿਆਨਤਦਾਰੀ ਅਤੇ ਮੁਹੱਬਤ ਨਾਲ ਲਵਰੇਜ਼ ਜਜ਼ਬਿਆਂ ਸਦਕਾ ਮੁਸਤਫ਼ਾ ਦੇ ਟੁਟੇ-ਤਿੜਕੇ ਵਜੂਦ ਨੂੰ ਨਵੇਂ ਸਿਰਿਉਂ ਸਾਂਭਦੀ ਅਤੇ ਸਿਰਜਦੀ ਹੈ। ਮੁਸਤਫ਼ਾ ਦੋ ਬੱਚਿਆਂ ਦਾਨਿਸ਼ ਅਤੇ ਬੁਲਬੁਲ ਦਾ ਬਾਪ ਬਣ ਜਾਂਦਾ ਹੈ।ਸੁਖੀ ਵਸਦਾ ਮੁਸਤਫ਼ਾ ਕਿੱਤੇ ਪਖੋਂ ਕਈ ਚੁਣੋਤੀਆਂ ਦਾ ਸਾਹਮਣਾ ਕਰਦਾ ਹੈ, ਪਾਸ਼ਾ ਉਸਦੇ ਮੋਢੇ ਨਾਲ ਮੋਢਾ ਜੋੜ ਖੜਦੀ ਹੈ ਤੇ ਉਹ ਦੋਵੇਂ ਮਿਲਕੇ ਜਿੰਦਗੀ ਦੀ ਹਰ ਔਕੜ ਨੂੰ ਸਰ ਕਰਨ ਲਈ ਯਤਨ ਕਰਦੇ ਹਨ।

ਪੂੰਜੀਵਾਦੀ ਵਿਵਸਥਾ ਦਾ ਇਕ ਅਹਿਮ ਪੱਖ ਮੁਨਾਫ਼ੇਖੋਰੀ ਨਾਲ ਜੁੜਿਆ ਹੋਇਆ ਹੈ। ਮੁਨਾਫ਼ੇਖੋਰੀ ਦੀ ਇਸ ਪ੍ਰਤੀਸਪਰਦਾ ਵਿਚ ਕਿਸੇ ਵੀ ਕਿਸਮ ਦੇ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਕਾਦਰਾ ਰਸ਼ੀਦ ਅਤੇ ਜਮਾਲ ਜੱਲਾ ਮੰਡੀ ਦੀ ਵਿਵਸਥਾ ਦੇ ਅਜਿਹੇ ਸ਼ਾਤਿਰ ਖਿਡਾਰੀ ਬਣਦੇ ਹਨ ਜੋ ਖੁਦਗਰਜ਼ੀ ਦੀ ਸਿਖ਼ਰ ਤੱਕ ਅੱਪੜਦੇ ਹਨ। ਇਹ ਲੋਕ, ਭੋਲੇ-ਭਾਲੇ ਲੋਕਾਂ ਕੋਲੋਂ ਤਿਆਰ ਹੋਈਆਂ ਕੀਮਤੀ ਕਾਨੀਸ਼ਾਲਾਂ ਨੂੰ ਮਾਮੂਲੀ ਜਿਹੇ ਮੁੱਲ ਲੈਕੇ ਅਗੇ ਬਾਜ਼ਾਰ ਵਿਚ ਕਈ ਗੁਣਾ ਮਹਿੰਗੇ ਮੁੱਲ ਵਿਚ ਵੇਚ ਕੇ ਮੁਨਾਫ਼ਾਖੋਰੀ ਕਰਦੇ ਹਨ। ਜਿਸ ਕਰਕੇ ਉਹ ਦਿਨੋ ਦਿਨ ਅਮੀਰ ਤੇ ਕਾਨੀਕਾਰ ਦਿਨੋਂ ਦਿਨ ਗਰੀਬ ਹੁੰਦੇ ਜਾਂਦੇ।ਅਜਿਹੇ ਲੋਕਾਂ ਲਈ ਮੁਸਤਫ਼ਾ ਇਕ ਰਹਿਬਰ ਹੋ ਨਿਬੜਦਾ ਹੈ।ਉਹ ਕਾਨੀਗਾਮ ਵਿਚ ਕਾਨੀਸ਼ਾਲਾਂ ਤਿਆਰ ਕਰਨ ਲਈ ਲਗਾਏ ਸੰਯੁਕਤ ਕਾਰਖਾਨੇ ਵਿਚ ਸਥਾਨਕ ਕਾਨੀਕਾਰਾਂ ਦੀ ਜਿੰਦਗੀ ਦੀ ਬਿਹਤਰੀ ਲਈ ਇਮਾਨਦਾਰੀ ਨਾਲ ਮਿਹਨਤ ਕਰਦਾ ਹੈ ਤਾਂ ਜੋ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ।ਮੁਸਤਫ਼ੇ ਦਾ ਸਾਂਝੇ ਕਾਰਖਾਨੇ ਦਾ ਉਦਮ ਕਾਦਰੇ ਦੀ ਜੁੰਡਲੀ ਲਈ ਨਵੀਆਂ ਚੁਣੌਤੀਆਂ ਪੈਦਾ ਕਰਦਾ ਹੈ।ਆਪਣੀ ਮਿਹਨਤ ਸਦਕਾ ਉਹ ਕਾਮਯਾਬੀ ਦੀਆਂ ਨਵੀਆਂ ਮੰਜਿਲਾਂ ਤੈਅ ਤਾਂ ਕਰਦਾ ਹੈ ਪਰ ਮੁਕਾਬਲੇ ਦੇ ਇਸ ਦੌਰ ਵਿਚ ਭਲਾ ਉਸਦੀ ਇਹ ਕਾਮਯਾਬੀ ਕੋਈ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਹਸਨੇ ਦੇ ਪੁਤਰ ਕਾਦਰਾ ਅਤੇ ਰਸ਼ੀਦ ਆਪਣੀਆਂ ਪੂੰਜੀਵਾਦੀ ਖਵਾਹਿਸ਼ਾਂ ਕਰਕੇ ਮੁਸਤਫ਼ੇ ਨੂੰ ਇਸ ਮੁਕਾਬਲੇ ਵਿਚ ਹਰ ਹੀਲੇ ਹਰਾਉਣ ਦੀ ਕੋਸ਼ਿਸ ਕਰਦੇ ਹਨ।ਉਹ ਲਾਲਚ ਦੇਕੇ ਮੁਸਤਫ਼ੇ ਦੇ ਕੁੱਝ ਕਾਰੀਗਰਾਂ ਨੂੰ ਆਪਣੇ ਹੱਥ ਵਿਚ ਕਰ ਲੈਂਦੇ ਹਨ ਅਤੇ ਨਕਲੀ ਕਾਨੀਸ਼ਾਲਾਂ ਬਣਾ ਕੇ ਬਾਜ਼ਾਰ ਵਿਚ ਵੇਚਦੇ ਹਨ। ਜਿਸ ਦਾ ਫੋਰੀ ਪ੍ਰਤੀਕਰਮ ਇਹ ਨਿਕਲਦਾ ਹੈ ਕਿ ਸਸਤੀ ਹੋਣ ਕਰਕੇ ਨਕਲੀ ਕਾਨੀਸ਼ਾਲ ਬਾਜ਼ਾਰ ਵਿਚ ਤੇਜ਼ੀ ਨਾਲ ਲੋਕਾਂ ਦੀ ਪਹਿਲੀ ਪੰਸਦ ਬਣਦੀ ਹੈ ।ਰਸ਼ੀਦ ਅਤੇ ਉਸਦੀ ਜੁੰਡਲੀ ਕਸ਼ਮੀਰ ਤੋਂ ਬਾਹਰ ਅੰਮ੍ਰਿਤਸਰ ਦੀਆਂ ਫੈਕਟਰੀਆਂ ਵਿਚ ਹੱਥ ਦੀ ਥਾਂ ਮਸ਼ੀਨ ਨਾਲ ਨਕਲੀ ਸ਼ਾਲਾਂ ਬਣਾ ਉਤੇ ਮੇਡ ਇੰਨ ਕਸ਼ਮੀਰ ਦਾ ਠੱਪਾ ਲਗਾ ਮਹਿੰਗੇ ਮੁੱਲ ਵੇਚੀ ਜਾਂਦੇ ਹਨ। ਦੂਜੇ ਪਾਸੇ ਮੁਸਤਫ਼ੇ ਵਰਗੇ ਇਮਾਨਦਾਰ ਤੇ ਮਿਹਨਤਕਸ਼ ਲੋਕਾਂ ਲਈ ਦੋ ਵਕਤ ਦੀ ਰੋਟੀ ਕਮਾਉਣੀ ਵੀ ਔਖੀ ਹੋ ਜਾਂਦੀ ਹੈ।ਇਸ ਨਾਵਲ ਦੀ ਇਹ ਵਸਤੂ ਸਥਿਤੀ ਦੁਨੀਆਂ ਦੀਆਂ ਲੱਗਭੱਗ ਸਾਰੀਆਂ ਹਸਤ ਕਲਾਵਾਂ ਅਤੇ ਉਨ੍ਹਾਂ ਦੇ ਕਲਾਕਾਰਾਂ ਦੀ ਆਰਥਿਕ ਸਥਿਤੀ ਦੇ ਰੂਪ ਵਿਚ ਜੈਨਰਲਾਇਜ਼ਡ ਕੀਤੀ ਜਾ ਸਕਦੀ ਹੈ।ਉਪਭੋਗਤਾਵਾਦ ਅਤੇ ਬਾਜ਼ਾਰਵਾਦ ਦੇ ਇਸ ਦੌਰ ਵਿਚ ਹਸਤ ਕਲਾ ਕੋਈ ਵੀ ਹੋਵੇ, ਉਹ ਕਾਰੀਗਾਰਾਂ ਲਈ ਘਾਟੇ ਦਾ ਹੀ ਸੌਦਾ ਹੈ ਜਦਕਿ ਅਮੀਰ ਖਰੀਦਾਰਾਂ ਲਈ ਸਟੇਟਸ ਅਤੇ ਕਾਰੋਬਾਰੀਆਂ ਲਈ ਮੁਨਾਫ਼ੇ ਅਤੇ ਖੁਸ਼ਹਾਲੀ ਦਾ ਸਾਧਨ।

ਸਥਿਤੀਆਂ ਉਦੋਂ ਹੋਰ ਤਣਾਉਪੂਰਣ ਹੋ ਜਾਂਦੀ ਹੈ ਜਦੋਂ ਰਸ਼ੀਦ ਉਨ੍ਹਾਂ ਦੇ ਘਰ ਚ ਹੀ ਸੰਨ ਲਾ ਲੈਂਦਾ ਹੈ। ਉਹ ਮੁਸਤਫ਼ਾ ਦੇ ਕਾਰਖਾਨੇ ਲਈ ਪਸ਼ਮ ਰੰਗਣ ਵਾਲੇ ਮੁਸਤਫ਼ਾ ਦੇ ਸਹੁਰੇ ਗੁਲਫ਼ਾਮ ਨੂੰ ਵੀ ਆਪਣੇ ਹੱਥਾਂ ਵਿਚ ਕਰ ਲੈਂਦੇ ਹਨ। ਗੁਲਫ਼ਾਮ ਪੂੰਜੀਵਾਦੀ ਮਾਨਸਿਕਤਾ ਦਾ ਸ਼ਿਕਾਰ ਹੋ ਆਪਣੇ ਸਭ ਤੋਂ ਕਰੀਬੀ ਰਿਸ਼ਤਿਆਂ ਤੋਂ ਮੂੰਹ ਮੋੜ ਜਾਂਦਾ ਹੈ।ਮੁਕਾਬਲੇ ਦੀ ਇਸ ਦੌੜ ਵਿਚ ਮੁਸਤਫ਼ਾ ਲੱਗਭੱਗ ਹਾਰ ਹੀ ਜਾਂਦਾ ਹੈ।ਪਰ ਇਥੇ ਹੀ ਇਹ ਸਵਾਲ ਵੀ ਖੜਾ ਹੋ ਜਾਂਦਾ ਹੈ ਕਿ ਕੀ ਇਸ ਦੌੜ ਦਾ ਕੋਈ ਜੇਤੂ ਵੀ ਹੈ? ਇਸ ਪ੍ਰਸੰਗ ਵਿਚ ਨੀਰ ਦੀ ਪ੍ਰਾਪਤੀ ਇਹ ਹੈ ਕਿ

ਜੇ ਉਸਨੇ ਸਥਿਤੀਆਂ ਅਗੇ ਮੁਸਤਫ਼ੇ ਨੂੰ ਟੁੱਟਦਾ ਦਿਖਾਕੇ ਸਮੇਂ ਦੀ ਕਰੂਰਤਾ ਨੂੰ ਯਥਾਰਥਕ ਸੁਰ ਵਿਚ ਪੇਸ਼ ਕੀਤਾ ਹੈ ਤਾਂ ਇਸ ਸਾਰੇ ਘਟਨਾਕ੍ਰਮ ਵਿਚ ਉਸ ਨੇ ਹਸਨੇ, ਕਾਦਰੇ ਰਸ਼ੀਦ ਅਤੇ ਜਮਾਲ ਜੱਲੇ ਵਰਗੇ ਲੋਕਾਂ ਨੂੰ ਵੀ ਸੰਤੁਸ਼ਟ ਅਤੇ ਸੁਖੀ ਨਹੀਂ ਦਿਖਾਇਆ। ਪੂੰਜੀਵਾਦੀ ਕਦਰਾਂ ਨਾਲ ਪ੍ਰਣਾਇਆ ਹਸਨਾ ਜਿਸ ਪੈਸੇ ਕਰਕੇ ਆਪਣੇ ਪਿਤਾ ਨੂੰ ਇਕਲਿਆਂ ਛੱਡ ਜਾਂਦਾ ਹੈ ਉਸੇ ਪੈਸਿਆਂ ਕਰਕੇ ਉਸਦੇ ਦੋਵੇਂ ਪੁੱਤਰ ਕਾਦਰਾ ਅਤੇ ਰਸ਼ੀਦ ਹਸਨੇ ਨੂੰ ਛੱਡ ਜਾਂਦੇ ਹਨ। ਰਸ਼ੀਦ, ਕਾਦਰੇ ਨੂੰ ਸੋਚੀ ਸਮਝੀ ਚਾਲ ਅਧੀਨ ਪੁਠੇ ਰਾਹਾਂ ਦਾ ਰਾਹਗੀਰ ਬਣਾਉਂਦਾ ਹੈ ਤਾਂ ਜੋ ਘਰ ਦੀ ਸਾਰੀ ਦੌਲਤ 'ਤੇ ਕਬਜ਼ਾ ਕਰ ਸਕੇ। ਜਮਾਲ ਜੱਲਾ ਵੀ ਦੋਸਤੀ ਦੀ ਆੜ ਵਿਚ ਕਾਦਰੇ ਨੂੰ ਗ਼ਫ਼ਲਤ ਦੀ ਜ਼ਿੰਦਗੀ ਜੀਉਣ ਲਈ ਉਤਸਾਹਿਤ ਕਰਦਾ ਹੈ ਤਾਂ ਜੋ ਉਸਦੀ ਦੀ ਅਯਾਸ਼ੀ ਵਿਚੋਂ ਹੀ ਉਹ ਵੀ ਕਮਾਈ ਕਰ ਸਕੇ। ਆਪਣੀ ਹਵਸ ਦੀ ਪੂਰਤੀ ਲਈ ਕਸਬੀ ਔਰਤਾਂ ਦੇ ਕੋਠਿਆਂ ਤੇ ਖੁਆਰ ਹੁੰਦਾ ਕਾਦਰਾ ਆਖਿਰ ਸ਼ਾਹਬਾਨੋ ਨਾਲ ਨਿਕਾਹ ਕਰਵਾ ਲੈਂਦਾ ਹੈ ਤੇ ਪੋਸ਼ਮਾਲ ਨੂੰ ਤਲਾਕ ਦੇ ਦਿੰਦਾ ਹੈ। ਪੋਸ਼ਮਾਲ ਪਹਿਲਾਂ ਆਪਣੇ ਸੋਹਰੇ ਹਸਨੇ ਦੀ ਦੇਖਭਾਲ ਤੇ ਉਸਦੀ ਮੌਤ ਦੇ ਬਾਅਦ ਆਪਣੀ ਜ਼ਿੰਦਗੀ ਦੀਨ ਦੁਖੀਆਂ ਦੀ ਸੇਵਾ ਦੇ ਲੇਖੇ ਲਾ ਲੰਮਾ ਸਮਾਂ ਹਸਪਤਾਲ ਤੇ ਫਿਰ ਓਲਡ ਹਾਉਸ ਵਿਚ ਨੌਕਰੀ ਕਰਦੀ ਹੈ। ਸ਼ਾਹਬਾਨੋ ਦੀ ਕੁਖੋਂ ਜੰਮਿਆ ਅਯਾਸ਼ ਕਾਦਰੇ ਦਾ ਪੁੱਤਰ ਰਮਜ਼ਾਨ ਵੀ ਅਯਾਸ਼ ਹੀ ਨਿਕਲਦਾ ਹੈ ਤੇ ਆਪਣੀ ਹੀ ਚਚੇਰੀ ਭੈਣ ਬੁਲਬੁਲ ਦੇ ਜਬਰ ਜਿਨਾਹ ਦੀ ਕੋਸ਼ਿਸ਼ ਦੇ ਪ੍ਰਤੀਰੋਧ ਵਿਚ ਬੁਲਬੁਲ ਹੱਥੋਂ ਹੀ ਮਾਰਿਆ ਜਾਂਦਾ ਹੈ। ਕੁਲ ਮਿਲਾ ਕੇ ਇਹ ਸਾਰੇ ਹੀ ਮਿਲ ਜੁਲ ਕੇ ਰਿਸ਼ਤਿਆਂ ਦਾ ਕਤਲ ਕਰਦੇ ਨੇ ਤੇ ਅਸੰਤੁਸ਼ਟੀ ਦੀ ਅੱਗ ਹੀ ਫਕਦੇ ਨੇ। ਇਥੇ ਇਕ ਗੱਲ ਧਿਆਨ ਦੇਣ ਯੋਗ ਹੈ ਕਿ ਨਾਵਲੀ ਬਿਰਤਾਂਤ ਦੇ ਕੇਂਦਰ ਵਿਚ ਵਿਚਰਦੇ ਮੁਸਤਫ਼ਾ ਦੀ ਸਥਿਤੀ ਬਹੁਤ ਹੀ ਅਸਪਸ਼ਟ ਹੈ। ਇਸ ਦਾ ਕਾਰਨ ਇਹ ਹੈ ਕਿ ਮੁਸਤਫ਼ੇ ਦਾ ਕਿਰਦਾਰ ਕਿਸੇ ਇਕ ਵਿਚਾਰਧਾਰਕ ਸੂਤਰ ਵਿਚੋਂ ਆਪਣੀ ਹੋਂਦ ਗ੍ਰਹਿਣ ਨਹੀਂ ਕਰਦਾ ਅਤੇ ਸਗੋਂ ਵਿਚਾਰਧਾਰਕ ਸੂਝ ਤੋਂ ਊਣਾ ਹੋਣ ਕਰਕੇ ਜੀਵਨ ਦੇ ਵੱਖ-ਵੱਖ ਪੜਾਵਾਂ ਦੌਰਾਨ ਵੱਖ-ਵੱਖ ਪ੍ਰਭਾਵਾਂ ਨੂੰ ਕਬੂਲ ਕਰਦਾ ਹੈ ਜਿਸ ਕਰਕੇ ਪੂਰੇ ਨਾਵਲ ਵਿਚ ਉਹ ਕਿਸੇ ਪ੍ਰਭਾਵਸ਼ਾਲੀ ਪਾਤਰ ਵਾਂਗ ਨਹੀਂ ਉਭਰਦਾ ਸਗੋਂ ਬੇਬਸ ਪਾਤਰ ਦੇ ਰੂਪ ਵਿਚ ਹੀ ਪੇਸ਼ ਹੁੰਦਾ ਹੈ। ਜਦਕਿ ਪੋਸ਼ਮਾਲੀ ਅਤੇ ਪਾਸ਼ਾ ਮੁਸਤਫ਼ੇ ਦੇ ਮੁਕਾਬਲੇ ਹਾਲਾਤਾਂ ਨਾਲ ਬਹਿਤਰ ਢੰਗ ਨਾਲ ਨਜਿੱਠਦੀਆਂ ਹਨ।

4

ਨਾਵਲ ਚਸ਼ਮਿ ਬੁਲਬੁਲ ਦੇ ਬਿਰਤਾਂਤਕ ਕੈਨਵਸ ਉਤੇ ਸਿਰਜਿਆ ਦੂਸਰਾ ਪ੍ਰਮੁੱਖ ਚਿਤਰ ਕਸ਼ਮੀਰ ਦੀ ਸੰਕਟ ਗ੍ਰਸਤ ਰਾਜਨੀਤਿਕ ਸਥਿਤੀ ਨਾਲ ਸੰਬੰਧਿਤ ਹੈ। ਨਾਵਲਕਾਰਾ ਨੇ ਨਾਵਲ ਦਾ ਆਰੰਭ ਹੀ ਕਸ਼ਮੀਰ ਵਿਚਲੀ ਵਰਤਮਾਣ ਦੌਰ ਦੀ ਹਥਿਆਰਬੰਦ ਲਹਿਰ ਦੀ ਭੇਂਟ ਚੜੇ ਮੁਸਤਫ਼ਾ ਦੇ ਪੁੱਤਰ ਦਾਨਿਸ਼ ਦੇ ਦੁੱਖ ਨੂੰ ਅਬਾਬੀਲ ਦੇ ਉਸ ਸੰਕਟ ਰਾਹੀਂ ਮੂਰਤੀਮਾਨ ਕੀਤਾ ਹੈ ਜਿਸ ਵਿਚ ਉਸ ਦੇ ਬੋਟ ਜਿਉਂ ਹੀ ਉਡਣਯੋਗ ਹੁੰਦੇ ਹਨ ਉਹ ਉਸਨੂੰ ਛੱਡ ਅਜਿਹੇ ਉਡਦੇ ਹਨ ਕਿ ਮੁੜ ਪਰਤਦੇ ਹੀ ਨਹੀਂ ਤੇ ਪਿਛੇ ਮਾਂ ਲਈ ਛੱਡ ਜਾਂਦੇ ਹਨ ਇਕ ਗਹਿਰੀ ਉਦਾਸੀ। ਨਾਵਲ ਵਿਚਲੇ ਇਸ ਦ੍ਰਿਸ਼ ਨੂੰ ਜਿਨ੍ਹਾਂ ਪ੍ਰਸੰਗਾਂ ਵਿਚ ਰੱਖ ਕੇ ਦੇਖਿਆ ਜਾ ਸਕਦਾ ਹੈ ਉਸਦਾ ਸੰਬੰਧ ਪੁੱਤਰ ਦੀ ਮੌਤ ਦਾ ਦੁੱਖ ਹੰਡਾ ਰਹੇ ਮੁਸਤਫ਼ਾ ਦੀ ਮਾਤਮੀ ਉਦਾਸੀ ਨਾਲ ਹੈ। ਨੀਰ ਅਬਾਬੀਲ ਦੀ ਉਦਾਸੀ ਰਾਹੀਂ ਮੁਸਤਫ਼ਾ ਵਰਗੇ ਉਨ੍ਹਾਂ ਕਸ਼ਮੀਰੀ ਪਰਿਵਾਰਾਂ ਦੀ ਉਦਾਸ ਸਥਿਤੀ ਨੂੰ ਬਿਆਨਦੀ ਹੈ ਜਿੰਨ੍ਹਾਂ ਦੇ ਜਵਾਨ ਬੱਚੇ ਦਹਿਸ਼ਤ ਦੇ ਰਾਹ ਗੁਆਚ ਚੁੱਕੇ ਹਨ ਅਤੇ ਜਿੰਨ੍ਹਾਂ ਦੇ ਮੁੜਨ ਦੀ ਕੋਈ ਆਸ ਹੀ ਨਹੀਂ। ਹਾਲਾਂਕਿ ਅਬਾਬੀਲ ਦੇ ਬੋਟਾਂ ਦੇ ਉੱਡ ਜਾਣ ਅਤੇ ਦਾਨਿਸ਼ ਦੇ ਮਰ ਜਾਣ ਤੋਂ ਬਾਅਦ ਦੀਆਂ ਉਦਾਸ ਸਥਿਤੀਆਂ ਕਦੇ ਵੀ ਇਕ ਸਾਰ ਨਹੀਂ ਹੋ ਸਕਦੀਆਂ ਕਿਉਂਕਿ ਬੋਟਾਂ ਦਾ ਉੱਡਨਾ ਸਹਿਜ ਵੀ ਹੈ, ਸੁਭਾਵਕ ਵੀ ਅਤੇ ਅਨੀਵਾਰਤਾ ਵੀ। ਇਸ ਕਰਕੇ ਦਾਨਿਸ਼ ਦੀ ਮੌਤ ਦੇ ਦੁੱਖ ਨੂੰ ਅਬਾਬੀਲ ਦੀ ਸਥਿਤੀ ਰਾਹੀਂ ਮੂਰਤੀਮਾਨ ਕਰਨਾ ਅਤਾਰਕਿਕ, ਗੈਰ ਜ਼ਰੂਰੀ ਅਤੇ ਗੈਰ ਯਥਾਰਥਕ ਲਗਦਾ ਹੈ। ਖੈਰ, ਕਾਇਦੇ ਨਾਲ ਤਾਂ ਇਹ ਮਸਲਾ ਇਸ ਨਾਵਲ ਦਾ ਕੇਂਦਰੀ ਸਰੋਕਾਰ ਹੀ ਹੋਣਾ ਚਾਹੀਦਾ ਸੀ ਪਰ ਹੈਰਾਨੀ ਇਸ ਗਲ ਦੀ ਹੈ ਕਿ ਮੁੱਢਲੇ ਦ੍ਰਿਸ਼ ਤੋਂ ਬਾਅਦ ਇਹ ਮਸਲਾ ਲਗਭਗ ਅਖੀਰ ਤੱਕ ਨਾਵਲੀ ਬਿਰਤਾਂਤ ਦਾ ਹਿੱਸਾ ਹੀ ਨਹੀਂ ਬਣਦਾ। ਮਸੁੱਚੇ ਨਾਵਲ ਵਿਚ ਨੀਰ ਦਾ ਧਿਆਨ ਕਸ਼ਮੀਰੀ ਸਮਾਜ ਅੰਦਰ ਪੂੰਜੀਵਾਦੀ ਰਿਸ਼ਤਿਆਂ ਦੀ ਚੜ੍ਹਤ ਨੂੰ ਉਭਾਰਨ ਵਿਚ ਹੀ ਰਹਿੰਦਾ ਹੈ। ਇਥੇ ਨੀਰ ਵਲੋਂ ਨਿਰਾਸ਼ ਕਰਨ ਵਾਲੀ ਗਲ ਇਹ ਹੈ ਉਸਨੇ ਕਸ਼ਮੀਰ ਸੰਕਟ ਪਿਛਲੇ ਵਾਸਤਵਿਕ ਕਾਰਨਾਂ ਨੂੰ ਅਖੋਂ ਪਰੋਖੇ ਕਰਦਿਆਂ ਕਸ਼ਮੀਰ ਵਿਚਲੀ ਹਥਿਆਰਬੰਦ ਲਹਿਰ ਨੂੰ ਕੇਵਲ ਰਿਆਸਤੀ ਲੀਡਰਾਂ ਦੀ ਸੱਤਾ ਭੁੱਖ, ਮੁੱਲਾਂ ਮੌਲਾਣਿਆਂ ਦੇ ਧਾਰਮਿਕ ਜਨੂੰਨ, ਮੌਕਾ ਪ੍ਰਸਤੀ ਅਤੇ ਪੂੰਜੀਵਾਦੀ ਵਿਵਸਥਾ ਵਿਚ ਕਾਦਰੇ, ਜਮਾਲ ਜੱਲੇ ਅਤੇ ਰਸ਼ੀਦ ਵਰਗੇ ਲੋਕਾਂ ਵਲੋਂ ਗੈਰ ਕਾਨੂੰਨੀ ਹਥਿਆਰਾਂ ਦੀ ਖਰੀਦੋ-ਫ਼ਰੋਖ਼ਤ ਚੋਂ ਮੁਨਾਫ਼ੇ ਦੇ ਪ੍ਰਤੀਕਰਮ ਦੇ ਤੌਰ 'ਤੇ ਹੀ ਨਾਵਲੀ ਚਿਤਰਪੱਟ 'ਤੇ ਉਲੀਕਿਆ ਹੈ। ਉਸ ਅਨੁਸਾਰ:

> "ਕਸ਼ਮੀਰ ਵਿੱਚ ਸਿਆਸੀ ਤੇ ਮਜ਼ਹਬੀ ਦੋ ਧਾਰਾਵਾਂ ਕਿਤੇ ਰਲ ਕੇ ਤੇ ਕਿਤੇ ਮੁਖਾਲਿਫ਼ ਹੋ ਕੇ ਇੱਕ ਨਵਾਂ ਤੂਫ਼ਾਨ ਲਿਆਉਣ ਲਈ ਸਰਗਰਮ ਹੋ ਉੱਠੀਆਂ ਸਨ। ਕੁੱਝ ਉਹ ਸਨ ਜੋ ਆਪਣੇ ਦੀਨ ਧਰਮ ਦੇ ਨਾਂ ਉੱਤੇ ਇਸ ਧਰਤੀ ਉੱਤੇ ਇਕ ਨਵਾਂ ਝੰਡਾ ਗੱਡਣਾ ਚਾਹੁੰਦੇ ਸਨ। ਇੱਕ ਉਹ ਸਨ ਜੋ ਸਿਆਸੀ ਧਰਾਤਲ ਉੱਤੇ ਇਸ ਹੋਣ ਵਾਲੀ ਜੰਗ ਬਾਅਦ ਨਵਾਂ ਨਕਸ਼ਾ ਤਿਆਰ ਕਰ ਰਹੇ ਸਨ ਤੇ ਕੁੱਝ ਉਹ ਵੀ ਸਨ ਜੋ ਇਸ ਹੋਣ ਵਾਲੀ ਤਬਾਹੀ ਚੋਂ ਆਪਣਾ ਮੁਨਾਫ਼ਾ ਕਮਾਉਣ ਦੀਆਂ ਨਿੱਤ ਨਵੀਆਂ ਯੋਜਨਾਵਾਂ ਸੋਚ ਰਹੇ ਸਨ।"[6]

ਆਪਣੇ ਉਪਰੋਕਤ ਬਿਰਤਾਂਤਕ ਕਥਨ ਵਿਚ ਨਾਵਲਕਾਰਾ ਬੜੇ ਹੀ ਸਹਿਜ ਢੰਗ ਨਾਲ ਕਸ਼ਮੀਰ ਦੇ ਸਿਆਸੀ ਸੰਕਟ ਲਈ ਸਥਾਨਕ ਸਿਆਸਤਦਾਨਾਂ, ਇਸਲਾਮਿਕ ਜੱਥੇਬੰਦੀਆਂ ਅਤੇ ਕੁੱਝ ਕੁ ਕਸ਼ਮੀਰੀ ਪੂੰਜੀਪਤੀਆਂ ਨੂੰ ਜ਼ਿੰਮੇਵਾਰ ਠਹਿਰਾ ਦਿੰਦੀ ਹੈ। ਨਾਵਲ ਵਿਚ ਇਸ ਮਸਲੇ

ਦੀ ਗੰਭੀਰਤਾ ਅਤੇ ਵਿਰਾਟਤਾ ਨੂੰ ਪੇਸ਼ ਕਰਨ ਪ੍ਰਤੀ ਨਾਵਲਕਾਰਾ ਦੀ ਇਕ ਪਾਸੜ ਪਹੁੰਚ ਇਸ ਅਤਿ ਜਟਿਲ ਤੇ ਸੰਵੇਦਨਸ਼ੀਲ ਰਾਜਸੀ ਮਸਲੇ ਪ੍ਰਤੀ ਉਸਦੀ ਸਿਧਾਂਤਕ ਸਮਝ, ਅਨੁਭਵ ਅਤੇ ਇਤਿਹਾਸਕ ਜਾਣਕਾਰੀ ਉੱਤੇ ਸੰਦੇਹ ਪੈਦਾ ਕਰਦੀ ਹੈ । ਜਿਸ ਦਾਨਿਸ਼ ਦੀ ਮੌਤ ਦੇ ਬਾਅਦ ਦੇ ਮਾਤਮੀ ਦ੍ਰਿਸ਼ ਨਾਲ ਇਹ ਨਾਵਲ ਆਰੰਭ ਹੁੰਦਾ ਹੈ ਉਸ ਦਾਨਿਸ਼ ਦੇ ਹਥਿਆਰ ਚੁਕੱਣ ਦੀ ਪ੍ਰਕਿਰਿਆ ਨੂੰ ਯਥਾਰਥਕ ਪੱਧਰ ਉਤੇ ਪੇਸ਼ ਕਰਨ ਦੀ ਥਾਂ ਬਹੁਤ ਹੀ ਸੀਮਿਤ ਬਿਰਤਾਂਤਕ ਕਾਲ ਵਿਚ ਪੇਸ਼ ਕਰਦੀ ਹੋਈ ਉਹ ਇਹ ਸਾਬਿਤ ਕਰਨ ਦੇ ਇਸ ਆਹਰ ਵਿਚ ਵਧੇਰੇ ਨਜ਼ਰ ਆਉਂਦੀ ਹੈ ਕਿ ਦਾਨਿਸ਼ ਵਰਗੇ ਹਜਾਰਾਂ ਨੌਜਵਾਨ ਕੁੱਝ ਕੁ ਮੁੱਲਾਂ-ਮੌਲਾਣਿਆਂ ਦੇ ਵਰਗਲਾਏ ਹਥਿਆਰ ਚੁੱਕ ਇਕ ਉਦੇਸ਼ ਰਹਿਤ ਲੜਾਈ ਲੱੜ ਰਹੇ ਹਨ ਅਤੇ ਮਰ ਰਹੇ ਹਨ। ਦਾਨਿਸ਼ ਦਾ ਲਹਿਰ ਤੋਂ ਮੋਹ ਭੰਗ ਹੋ ਵਾਪਸ ਪਰਤ ਆਉਣਾ, ਮੁੜ ਪਹਿਲੇ ਵਾਂਗ ਜਿਉਣ ਦੀ ਲਾਲਸਾ ਵਿਅਕਤ ਕਰਨਾ, ਦਾਨਿਸ਼ ਦੇ ਕਤਲ ਪਿੱਛੇ ਕਾਦਰੇ ਦੀ ਜੁੰਡਲੀ ਦੀ ਸਾਜਿਸ਼ ਦਾ ਹੋਣਾ ਆਦਿ ਅਜਿਹੇ ਵੇਰਵੇ ਹਨ ਜਿਨ੍ਹਾਂ ਰਾਹੀਂ ਨੀਰ ਕਸ਼ਮੀਰੀਆਂ ਦੇ ਇਸ ਸੰਘਰਸ਼ ਨੂੰ ਕੇਵਲ ਸਥਾਨਕ ਪੱਧਰ ਉਤੇ ਆਪਣਿਆਂ ਦੀ ਆਪਣਿਆਂ ਨਾਲ ਲੜਾਈ ਦੇ ਰੂਪ ਵਿਚ ਪੇਸ਼ ਕਰਦੀ ਹੈ ਹੋਈ ਇਸ ਮਸਲੇ ਵਿਚਲੀ ਦੂਸਰੀ ਧਿਰ ਭਾਰਤੀ ਸਟੇਟ ਦੇ ਜ਼ਿਕਰ ਤੋਂ ਬਿਲਕੁਲ ਹੀ ਪਾਸਾ ਵੱਟ ਜਾਂਦੀ ਹੈ। ਨੀਰ ਇਸ ਪ੍ਰਕਰਨ ਵਿਚ ਕਿਧਰੇ ਵੀ ਕਸ਼ਮੀਰ ਅਤੇ ਕਸ਼ਮੀਰੀਅਤ ਦੇ ਬੁਨਿਆਦੀ ਮਸਲਿਆਂ ਅਤੇ ਉਨ੍ਹਾਂ ਸਵਾਲਾਂ ਨੂੰ ਸੰਬੋਧਨ ਹੀ ਨਹੀਂ ਹੁੰਦੀ ਜਿਸ ਕਰਕੇ ਕਸ਼ਮੀਰੀ ਮੁਸਲਮਾਨ ਹਥਿਆਰ ਚੁਕੱਣ 'ਤੇ ਮਜਬੂਰ ਹੁੰਦਾ ਹੈ ਤੇ ਅੱਜ ਲੱਗਭੱਗ ਤੀਹ ਤੋਂ ਵੱਧ ਸਾਲਾਂ ਤੋਂ ਇਹ ਹਥਿਆਰਬੰਦ ਸੰਘਰਸ਼ ਬਾਦਸਤੂਰ ਜਾਰੀ ਹੈ। ਇਸ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਸ ਤਰ੍ਹਾਂ ਦਾ ਬਿਰਤਾਂਤਕ ਖਲਾਅ ਅਤੇ ਉਣਤਾਈ ਨੀਰ ਦੇ ਪਹਿਲੇ ਨਾਵਲ ਸ਼ਿਕਾਰਗਾਹ ਵਿਚ ਵੀ ਸੀ । ਜਿਸ ਦੇ ਸੰਬੰਧ ਵਿਚ ਪ੍ਰਸਿੱਧ ਪੰਜਾਬੀ ਆਲੋਚਕ ਡਾ. ਸੁਰਜੀਤ ਦੀ ਟਿਪਣੀ ਚਸ਼ਮਿ ਬੁਲਬੁਲ ਦੇ ਪ੍ਰਸੰਗ ਵਿਚ ਵੀ ਬਿਲਕੁਲ ਢੁੱਕਵੀਂ ਹੈ ਕਿ:

> "ਨਾਵਲ ਵਿਚ ਭਾਰਤੀ ਸਟੇਟ ਦੇ ਸਰੂਪ, ਇਸ ਵਿਚਲੇ ਬਹੁਗਿਣਤੀਵਾਦ, ਸ਼ੋਸ਼ਣਕਾਰੀ ਅਤੇ ਤਸ਼ੱਦਦੀ ਸਾਰ ਨੂੰ ਨਸ਼ਰ ਕਰਨ ਦੀ ਕੋਈ ਕੋਸ਼ਿਸ਼ ਹੀ ਨਹੀਂ।"[7]

ਕਸ਼ਮੀਰ ਵਿਚ ਭਾਰਤੀ ਸਟੇਟ ਦੀ ਕਰੂਰਤਾ ਸੰਬੰਧੀ ਨਾਵਲ ਵਿਚ ਪੂਰਨ ਤੌਰ 'ਤੇ ਮੌਣ ਧਾਰਨ ਕਰਨਾ ਅਤੇ ਇਸ ਮਸਲੇ ਦੀ ਅਹਿਮ ਧਿਰ ਵਜੋਂ ਭਾਰਤੀ ਸਟੇਟ ਨੂੰ ਬਿਲਕੁਲ ਹੀ ਮਨਫ਼ੀ ਕਰ ਦੇਣ ਕਰਕੇ ਨਾਵਲਕਾਰਾ ਦਾ ਸੰਕੀਰਣ ਨਜ਼ਰੀਆ ਸਾਹਮਣੇ ਆਉਂਦਾ ਹੈ ਜਿਸ ਕਰਕੇ ਉਹ ਅਜਿਹੇ ਸੰਵੇਦਨਸ਼ੀਲ ਤੇ ਵਿਵਾਦਾਸਪੱਦ ਮਾਮਲੇ ਵਿਚ ਜਿਹੜਾ ਕਿ ਅੰਤਰਰਾਸ਼ਟਰੀ ਮੰਚਾਂ ਉਤੇ ਵੀ ਵਿਚਾਰਾਧੀਨ ਹੈ ਭਾਰਤੀ ਸਟੇਟ ਨੂੰ ਕਲੀਨ ਚਿੱਟ ਦੇ ਦਿੰਦੀ ਹੈ । ਇਸੇ ਲਈ ਇਹ ਨਾਵਲ ਕਸ਼ਮੀਰ ਸੰਕਟ ਅਤੇ ਸਮੱਸਿਆ ਦੀ ਪ੍ਰਮਾਣਿਕ ਪੇਸ਼ਕਾਰੀ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ । ਮੇਰਾ ਮੰਨਣਾ ਹੈ ਜਾਂ ਤਾਂ ਨੀਰ ਇਸ ਨਾਵਲ ਵਿਚ ਕਸ਼ਮੀਰ ਸੰਕਟ ਨੂੰ ਪੂਰੀ ਸੁਹਿਰਦਤਾ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਜਾਂ ਨੀਰ ਇਸ ਦੇ ਬਿਰਤਾਂਤਕ ਸੰਗਠਨ ਨੂੰ ਕੇਵਲ ਕਸ਼ਮੀਰੀ ਧਰਾਤਲ ਉਤੇ ਵਾਪਰਦੀਆਂ ਸਮਾਜਿਕ-ਆਰਿਥਕ ਤਬਦੀਲੀਆਂ ਕਾਰਨ ਕਸ਼ਮੀਰੀ ਲੋਕਾਂ ਦੀ ਸਾਂਸਕ੍ਰਿਤਿਕ ਸਾਂਝ ਦੇ ਤਿੜਕਣਾਂ ਨੂੰ ਪੇਸ਼ ਕਰਨ ਤੱਕ ਮਹਿਦੂਦ ਰਹਿੰਦੀ ਤਾਂ ਇਹ ਸ਼ਾਇਦ ਕਿਧਰੇ ਵੱਧ ਪ੍ਰਮਾਣਿਕ ਅਤੇ ਮਹਤੱਵਪੂਰਨ ਕ੍ਰਿਤ ਮੰਨੀ ਜਾਂਦੀ। ਭਾਸ਼ਾਈ ਪੱਖ ਤੋਂ ਬੇਹਦ ਮਜਬੂਤ ਇਸ ਨਾਵਲ ਵਿਚ ਬਹੁਤ ਸਾਰੀਆਂ ਅਜਿਹੀਆਂ ਉਣਤਾਈਆਂ ਹਨ ਜੋ ਅੱਖੋਂ ਪਰੋਖੇ ਨਹੀਂ ਕੀਤੀਆਂ ਜਾ ਸਕਦੀਆਂ। ਕਈ ਵੇਰਵੇ ਅਜਿਹੇ ਹਨ ਜੋ ਨਾਵਲੀ ਸੰਗਠਨ ਵਿਚ ਜਾਂ ਤਾਂ ਫਿਟ ਬੈਠਦੇ ਹੀ ਨਹੀਂ ਬੈਠਦੇ ਤੇ ਜਾਂ ਫਿਰ ਬਹੁਤ ਉਪਰੇ ਲੱਗਦੇ ਹਨ। ਖਾਸ ਕਰਕੇ ਕਸ਼ਮੀਰੀ ਪਾਤਰਾਂ ਦੇ ਰਾਹੀਂ ਪਰੰਪਰਾਗਤ ਕਸ਼ਮੀਰੀ ਲੋਕਗੀਤ ਨੂੰ ਪੰਜਾਬੀ ਵਿਚ ਗਾਉਣਾ, ਕਸ਼ਮੀਰ ਵਰਗੇ ਕੱਟੜ ਇਸਲਾਮਿਕ ਪ੍ਰਾਂਤ ਵਿਚ ਪਾਤਰਾਂ ਦਾ ਖੁਲੇ ਆਮ ਸ਼ਰਾਬ ਪੀਣਾ ਅਤੇ ਪੀਣ ਤੋਂ ਪਹਿਲਾਂ ਚਿਅਰ ਕਰਨਾ, ਅਬਾਵੀਲ ਦਾ ਘਰ ਵਿਚ ਰਹਿਣਾ ਅਤੇ ਅਨਾਜ ਚੁਗਣਾ (ਇਹ ਇਕ ਜੰਗਲੀ ਅਤੇ ਮਾਸਾਹਾਰੀ ਪੰਛੀ ਹੈ), ਪਾਤਰਾਂ ਦੀ ਉਮਰ ਅਤੇ ਕਾਲ ਦੇ ਵੇਰਵਿਆਂ ਦਾ ਸਹੀ ਅਨੁਪਾਤ ਜਾਂ ਇਕਸਾਰ ਨਾ ਹੋਣਾ ਆਦਿ ਵੀ ਇਸ ਨਾਵਲ ਨੂੰ ਸਿਰਜਣਾਤਮਕ ਪੱਖ ਤੋਂ ਉਸ ਮੁਕਾਮ ਤੱਕ ਨਹੀਂ ਪਹੁੰਚਣ ਦਿੰਦੀ ਜਿੱਥੇ ਇਹ ਪਹੁੰਚ ਸਕਦਾ ਸੀ।

## ਹਵਾਲੇ ਅਤੇ ਟਿਪਣੀਆਂ


1. ਸੁਰਿੰਦਰ ਨੀਰ, ਚਸ਼ਿਮ ਬੁਲਬੁਲ, ਪੰਨਾ 27
2. -ਉਹੀ, ਪੰਨਾ 28-29
3. -ਉਹੀ, ਪੰਨਾ 27
4. -ਉਹੀ, ਪੰਨਾ 29
5. -ਉਹੀ, ਪੰਨਾ 61
6. -ਉਹੀ, ਪੰਨਾ 231-32
7. ਸੁਰਜੀਤ ਸਿੰਘ, ਪੰਜਾਬੀ ਨਾਵਲ: ਦ੍ਰਿਸ਼ ਅਤੇ ਦ੍ਰਿਸ਼ਟੀ , ਪੰਨਾ 268

***Researcher : A Multidisciplinary Journal*** is a bi-annual refereed (peer-reviewed) Journal of University of Jammu that seeks to provide a specialized academic platform for the dissemination of research in the broad areas of academic disciplines including Science and Technology, Arts and Humanities, Social Sciences and Business Studies. The ambit of the Journal is international and submissions are subject to blind peer review process. The editorial policy of the Journal is to invite the research articles from academicians, researchers, policy makers and practitioners. The publication is intended for readers including litterateurs, academicians, educationists, professionals, policy makers, research scholars and students. All the articles are considered for publication only if they fall within the ambit of aim and scope of the Journal.

## Call for Papers for Next Issue

| | |
|---|---|
| Full paper submission | April 30, 2021. |
| Confirmation of paper | May 31, 2021. |
| Re-submission of revised paper | June 15, 2021. |
| Issue publication | June 30, 2021. |

***Refer to "Guidelines" inside for details on paper submission.***

**Published by**
Publication Cell on behalf of the Registrar, University of Jammu, Jammu, India.
**Address**
University of Jammu
Baba Saheb Ambedkar Road, Jammu-180006 (J&K)
**E-mail :** publication.ju@gmail.com

**Editorial Assistance** : Mr.Gourav Sharma

©Publication Cell, University of Jammu, Jammu. All copy rights are reserved. The views expressed by the authors in this journal do not represent the views either of the editor or the University of Jammu.

Printed at : New Style, Jmu. # 9906231310